ISSN (ELECTRONIC): 2945-3135

ਸਹਾਇਕ ਪਰੋਫੈਸਰ ਗ੍ਰਹਿੰਦਰ ਹਸੰਘ (2026). *ਸੋਮਪਾਲ ਹੀਰਾ ਦੇ ਨਾਟ-ਸੰਗ੍ਰਹਿ " ਰੰਗ੍-ਰੰਗ੍ ਦੇ ਨਾਟਕ " ਦਾ ਆਲੋਚਨਾਤਮਕ ਅਹਿਐਨ*, International Journal of Multidisciplinary Research & Reviews 5(3), 83-95.

INTERNATIONAL JOURNAL OF MULTIDISCIPLINARY RESEARCH & REVIEWS

journal homepage: www.ijmrr.online/index.php/home

# ਸੋਮਪਾਲ ਹੀਰਾ ਦੇ ਨਾਟ-ਸੰਗ੍ਰਹਿ " ਰੰਗ੍-ਰੰਗ੍ ਦੇ ਨਾਟਕ " ਦਾ ਆਲੋਚਨਾਤਮਕ ਅਹਿਐਨ

ਸਹਾਇਕ ਪਰੋਫੈਸਰ ਗ੍ਰਹਿੰਦਰ ਹਸੰਘ

ਪੰਜਾਬੀ ਹਿਭਾਗ੍, ਗ੍ੁਰੂ ਨਾਨਕ ਕਾਲਜ, ਬੁਢਲਾਡਾ (ਮਾਨਸਾ), ਪੰਜਾਬ (ਭਾਰਤ)। ਹਪੰਨ ਕੋਡ : 151502.

Corresponding Author: gurwindersidhu246@gmail.com

**How to Cite the Article:** ਸਹਾਇਕ ਪਰੋਫੈਸਰ ਗ੍ਰਹਿੰਦਰ ਹਸੰਘ (2026). *ਸੋਮਪਾਲ ਹੀਰਾ ਦੇ ਨਾਟ-ਸੰਗ੍ਰਹਿ " ਰੰਗ੍-ਰੰਗ੍ ਦੇ ਨਾਟਕ " ਦਾ ਆਲੋਚਨਾਤਮਕ ਅਹਿਐਨ*, International Journal of Multidisciplinary Research & Reviews 5(3), 83-95.

https://doi.org/10.56815/ijmrr.v5i3.2026.83-95

ਸਾਹਿਤ ਰੂਪਾਂ ਵਿਚੋਂ ਨਾਟਕ ਇੱਕ ਖ਼ਾਸ ਕਿਸਮ ਦਾ ਰੂਪ ਹੈ ਜਿਸ ਵਿਚ ਪਹਿਲਾ ਰੂਪ ਲਿਖਤ ਪਾਠ ਤੇ ਦੂਜਾ ਰੂਪ ਮੰਚ ਪਾਠ ਸ਼ਾਮਿਲ ਹੁੰਦਾ ਹੈ।ਲਿਖ਼ਤ ਪਾਠ ਤੋਂ ਭਾਵ ਹੈ ਲਿਖੇ ਜਾਣ ਤੋਂ ਅਤੇ ਮੰਚ ਪਾਠ ਤੋਂ ਭਾਵ ਨਾਟਕ ਦਾ ਖੇਡੇ ਜਾਣ ਤੋਂ ਹੈ।ਨਾਟਕ ਦੇ ਲਿਖਣ ਸੰਦਰਭ ਵਿਚ ਪਾਤਰ, ਘਟਨਾਵਾਂ, ਗੋਂਦ, ਵਾਰਤਾਲਾਪ ਤੇ ਭਾਸ਼ਾ ਆਦਿ ਦੀ ਲੋੜ ਹੁੰਦੀ ਹੈ, ਦੂਜੇ ਪਾਸੇ ਮੰਚ ਪਾਠ ਵਿਚ ਰੋਸ਼ਨੀ, ਸਟੇਜ, ਪਾਤਰ, ਮੇਕਅੱਪ, ਵੇਸ਼ਭੂਸ਼ਾ, ਵਾਰਤਾਲਾਪੀ ਉਤਰਾਅ - ਚੜ੍ਹਾਅ ਤੇ ਆਵਾਜ਼ ਆਦਿ ਦੀ ਲੋੜ ਹੁੰਦੀ ਹੈ ਜਿਸ ਨਾਲ ਲਿਖਤੀ ਨਾਟਕ ਸਹਿਜ ਢੰਗ ਨਾਲ ਰੰਗਮੰਚੀ ਅਨੁਕੂਲਤਾ ਦੇ ਅਨੁਸਾਰ ਢਲ ਜਾਂਦਾ ਹੈ।

ਨਾਟਕ ਭਾਰਤੀ ਸਾਹਿਤ ਵਿਚ ਮਹੱਤਵਪੂਰਨ ਰੂਪਾਕਾਰ ਦੇ ਤੌਰ ਤੇ ਜਾਣਿਆ ਜਾਂਦਾ ਹੈ।ਕਾਵਿ ਸ਼ਾਸ਼ਤਰੀ ਗ੍ਰੰਥ ' ਨਾਟਯ ਸ਼ਾਸ਼ਤਰ ' ਵਿਚ ਭਰਤਮੁਨੀ ਨੇ ਨਾਟਕ ਬਾਰੇ ਲਿਖ ਕੇ ਕਈ ਸੰਭਾਵਨਾਵਾਂ ਨੂੰ ਸਥਾਪਿਤ ਕਰਨ ਦਾ ਉਪਰਾਲਾ ਕੀਤਾ ਹੈ।ਦੁਨੀਆਂ ਦੇ ਨਾਟ ਇਤਿਹਾਸ ਵਿਚ ਭਾਰਤੀ ਨਾਟਕ ਦੀ ਸੰਸਕ੍ਰਿਤ ਨਾਟ ਪਰੰਪਰਾ ਮਾਣਯੋਗ ਸਥਾਨ ਰੱਖਦੀ ਹੈ।ਕਾਲੀਦਾਸ, ਸੂਦਰਕ ਤੇ ਭਾਸ ਆਦਿ ਨਾਟਕਕਾਰ ਤੇ ਭਰਤਮੁਨੀ ਦਾ ' ਨਾਟਯ-ਸ਼ਾਸ਼ਤਰ ' ਸਾਡਾ ਮਾਣਯੋਗ ਵਿਰਸਾ ਹੈ।ਪਰੰਤੂ ਪੰਜਾਬੀ ਭਾਸ਼ਾ ਦੇ ਨਾਟਕ ਦਾ ਇਤਿਹਾਸ 19 ਵੀਂ ਸਦੀ ਦੇ ਅੰਤ ਤੇ ਵੀਹਵੀਂ ਦੇ ਮੁੱਢ ਵਿਚ ਹੀ ਬਣਨਾ ਸੰਭਵ ਹੋ ਸਕਿਆ।[1] ਜਿਥੋਂ ਆਧੁਨਿਕ ਪੰਜਾਬੀ ਨਾਟਕ ਦਾ ਆਰੰਭ ਹੁੰਦਾ ਹੈ।

The work is licensed under a Creative Commons Attribution Non Commercial 4.0 International License

ਸਾਹਿਤ ਰੂਪਾਂ ਵਿਚੋਂ ਨਾਟਕ ਇੱਕ ਖ਼ਾਸ ਕਿਸਮ ਦਾ ਰੂਪ ਹੈ ਜਿਸ ਵਿਚ ਪਹਿਲਾ ਰੂਪ ਲਿਖਤ ਪਾਠ ਤੇ ਦੂਜਾ ਰੂਪ ਮੰਚ ਪਾਠ ਸ਼ਾਮਿਲ ਹੁੰਦਾ ਹੈ।ਲਿਖ਼ਤ ਪਾਠ ਤੋਂ ਭਾਵ ਹੈ ਲਿਖੇ ਜਾਣ ਤੋਂ ਅਤੇ ਮੰਚ ਪਾਠ ਤੋਂ ਭਾਵ ਨਾਟਕ ਦਾ ਖੇਡੇ ਜਾਣ ਤੋਂ ਹੈ।ਨਾਟਕ ਦੇ ਲਿਖਣ ਸੰਦਰਭ ਵਿਚ ਪਾਤਰ, ਘਟਨਾਵਾਂ, ਗੋਂਦ, ਵਾਰਤਾਲਾਪ ਤੇ ਭਾਸ਼ਾ ਆਦਿ ਦੀ ਲੋੜ ਹੁੰਦੀ ਹੈ, ਦੂਜੇ ਪਾਸੇ ਮੰਚ ਪਾਠ ਵਿਚ ਰੋਸ਼ਨੀ, ਸਟੇਜ, ਪਾਤਰ, ਮੇਕਅੱਪ, ਵੇਸ਼ਭੂਸ਼ਾ, ਵਾਰਤਾਲਾਪੀ ਉਤਰਾਅ - ਚੜ੍ਹਾਅ ਤੇ ਆਵਾਜ਼ ਆਦਿ ਦੀ ਲੋੜ ਹੁੰਦੀ ਹੈ ਜਿਸ ਨਾਲ ਲਿਖਤੀ ਨਾਟਕ ਸਹਿਜ ਢੰਗ ਨਾਲ ਰੰਗਮੰਚੀ ਅਨੁਕੂਲਤਾ ਦੇ ਅਨੁਸਾਰ ਢਲ ਜਾਂਦਾ ਹੈ।

ਨਾਟਕ ਭਾਰਤੀ ਸਾਹਿਤ ਵਿਚ ਮਹੱਤਵਪੂਰਨ ਰੂਪਾਕਾਰ ਦੇ ਤੌਰ ਤੇ ਜਾਣਿਆ ਜਾਂਦਾ ਹੈ।ਕਾਵਿ ਸ਼ਾਸ਼ਤਰੀ ਗ੍ਰੰਥ ' ਨਾਟਯ ਸ਼ਾਸ਼ਤਰ ' ਵਿਚ ਭਰਤਮੁਨੀ ਨੇ ਨਾਟਕ ਬਾਰੇ ਲਿਖ ਕੇ ਕਈ ਸੰਭਾਵਨਾਵਾਂ ਨੂੰ ਸਥਾਪਿਤ ਕਰਨ ਦਾ ਉਪਰਾਲਾ ਕੀਤਾ ਹੈ।'ਦੁਨੀਆਂ ਦੇ ਨਾਟ ਇਤਿਹਾਸ ਵਿਚ ਭਾਰਤੀ ਨਾਟਕ ਦੀ ਸੰਸ੍ਰਕ੍ਰਿਤ ਨਾਟ ਪਰੰਪਰਾ ਮਾਣਯੋਗ ਸਥਾਨ ਰੱਖਦੀ ਹੈ।ਕਾਲੀਦਾਸ, ਸੂਦਰਕ ਤੇ ਭਾਸ ਆਦਿ ਨਾਟਕਕਾਰ ਤੇ ਭਰਤਮੁਨੀ ਦਾ ' ਨਾਟਯ-ਸ਼ਾਸ਼ਤਰ ' ਸਾਡਾ ਮਾਣਯੋਗ ਵਿਰਸਾ ਹੈ।ਪਰੰਤੂ ਪੰਜਾਬੀ ਭਾਸ਼ਾ ਦੇ ਨਾਟਕ ਦਾ ਇਤਿਹਾਸ 19 ਵੀਂ ਸਦੀ ਦੇ ਅੰਤ ਤੇ ਵੀਹਵੀਂ ਦੇ ਮੁੱਢ ਵਿਚ ਹੀ ਬਣਨਾ ਸੰਭਵ ਹੋ ਸਕਿਆ'।[1] ਜਿਥੋਂ ਆਧੁਨਿਕ ਪੰਜਾਬੀ ਨਾਟਕ ਦਾ ਆਰੰਭ ਹੁੰਦਾ ਹੈ।

ਪੰਜਾਬੀ ਨਾਟਕ ਵਿਚ ਲੋਕ-ਨਾਟ ਰੂਪਾਂ ਦੀ ਹੋਂਦ ਵੀ ਆਪਣੇ ਆਪ ਵਿਚ ਵੱਖਰਾ ਸਥਾਨ ਰੱਖਦੀ ਹੈ।ਲੋਕ-ਨਾਟ ਰੂਪਾਂ ਵਿਚ ਨਕਲਾਂ, ਰਾਮ ਲੀਲਾ, ਰਾਸ ਲੀਲਾ, ਸਾਂਗ ਨਾਟਕ ਅਤੇ ਕਿੱਸਾ ਤੇ ਵਾਰ ਗਾਇਨ ਆਦਿ ਰੂਪ ਸ਼ਾਮਿਲ ਹਨ।ਆਧੁਨਿਕ ਪੰਜਾਬੀ ਨਾਟਕ ਦੇ ਨਿਕਾਸ ਵਿਚ ਇਨ੍ਹਾਂ ਦਾ ਯੋਗਦਾਨ ਬੁਨਿਆਦੀ ਤੌਰ 'ਤੇ ਰਿਹਾ ਹੈ।ਆਧੁਨਿਕ ਪੰਜਾਬੀ ਨਾਟਕ ਦਾ ਮੁੱਢ ਖ਼ਾਸ ਤੌਰ 'ਤੇ ਪੱਛਮੀ ਵਿੱਦਿਆ ਦੇ ਪ੍ਰਭਾਵ ਹੇਠ ਉਪਜੀ ਭਾਸ਼ਾ ਤੇ ਸਾਹਿਤਕ ਚੇਤਨਾ ਦਾ ਫ਼ਲ ਹੈ ਜਿਥੋਂ ਨਾਟਕ ਦਾ ਇੱਕ ਨਵਾਂ ਮੁਹਾਂਦਰਾ ਸਾਹਮਣੇ ਆਇਆ।

ਆਧੁਨਿਕ ਪੰਜਾਬੀ ਨਾਟਕ ਦਾ ਆਰੰਭ ਸ੍ਰੀਮਤੀ ਨੋਰ੍ਹਾ ਰਿਚਰਡਜ਼ ਦੀ ਪ੍ਰੇਰਨਾ ਨਾਲ਼ ਆਈ. ਸੀ. ਨੰਦਾ ਦੇ ਨਾਟਕ 'ਦੁਲਹਨ' (ਸੁਹਾਗ) ਨਾਲ਼ 1913 ਤੋਂ ਹੋਇਆ।ਭਾਵੇਂ ਇਹ ਇੱਕ ਫੈਸਲਾਕੁੰਨ ਘਟਨਾ ਸੀ ਪਰੰਤੂ ਇਸ ਤੋਂ ਪੰਜਾਬੀ ਮਾਨਸਿਕਤਾ ਵਿਚ ਪਈ ਨਾਟਕੀਅਤਾ, ਲੋਕ-ਨਾਟਕ ਪਰੰਪਰਾ, ਇਸਾਈ ਮਿਸ਼ਨਰੀਆਂ ਦੇ ਯਤਨ, ਸੰਸਕ੍ਰਿਤ ਨਾਟਕਾਂ ਦੇ ਅਨੁਵਾਦ, ਪਾਰਸੀ ਥੀਏਟਰੀਕਲ ਕੰਪਨੀਆਂ ਦੇ ਨਾਟਕ, ਭਾਰਤੀ ਨਾਟਕ

The work is licensed under a Creative Commons Attribution Non Commercial 4.0 International License

ਪਰੰਪਰਾ ਦੇ ਅੰਸ਼ਿਕ ਪ੍ਰਭਾਵ ਰਾਹੀਂ ਭਾਈ ਵੀਰ ਸਿੰਘ, ਬਾਵਾ ਬੁੱਧ ਸਿੰਘ ਦੇ ਨਾਟ ਯਤਨ ਆਪਣਾ ਅਰਥ ਗ੍ਰਹਿਣ ਕਰਦੇ ਹਨ ਜਿੰਨ੍ਹਾਂ ਨੂੰ ਨਾਟਕਕਾਰ ਦੇ ਤੌਰ ਤੇ ਪਛਾਣਨ ਦੀ ਕੋਸ਼ਿਸ਼ ਕੀਤੀ ਗਈ ਹੈ।ਭਾਵੇਂ ਇਹ ਸਾਰੀ ਸਥਿਤੀ ਵਿਧੀਵਤ ਰੂਪ ਵਿਚ ਉਭਰੇ ਪੰਜਾਬੀ ਨਾਟਕ ਲਈ ਫੌਰੀ ਕਾਰਨ ਨਹੀਂ ਬਣਦੀ ਪਰੰਤੂ ਬੀਜ ਰੂਪ ਵਿਚ ਪਏ ਇਹ ਨਾਟਕੀ ਸਰੋਕਾਰ ਪੂਰੀ ਵੀਹਵੀਂ ਸਦੀ ਵਿਚ ਫੈਲੇ ਪੰਜਾਬੀ ਨਾਟਕਾਂ 'ਤੇ ਸਮੇਂ-ਸਮੇਂ ਅਸਰਅੰਦਾਜ਼ ਹੁੰਦੇ ਰਹੇ ਹਨ।ਵੀਹਵੀਂ ਸਦੀ ਦੇ ਵਿਚ ਸਮਾਜਿਕ ਸਰੋਕਾਰ, ਵਿਵਸਥਾ ਦੀਆਂ ਉਣਤਾਈਆਂ, ਅੱਤਿਆਚਾਰ, ਰਾਜਨੀਤਿਕ ਦਿਸ਼ਾਹੀਣਤਾ ਅਤੇ ਹੋਰ ਕਈ ਘੋਰ ਮੁੱਦਿਆਂ ਨੂੰ ਲੈ ਕੇ ਨਾਟਕ ਲਿਖੇ ਜਾਣ ਲੱਗੇ।ਪੰਜਾਬੀ ਨਾਟਕ ਨੇ ਆਪਣੀਆਂ ਸਮੱਸਿਆਵਾਂ ਨੂੰ ਉਜਾਗਰ ਕਰਨ ਲਈ ਯਥਾਰਥਵਾਦੀ ਸ਼ੈਲੀ, ਐਪਿਕ ਥੀਏਟਰ, ਐਬਸਰਡ ਥੀਏਟਰ, ਹੰਗਾਮੀ ਥੀਏਟਰ ਆਦਿ ਸ਼ੈਲੀਆਂ ਨੂੰ ਨਾਟ-ਵਸਤੂ ਦਾ ਆਧਾਰ ਬਣਾਇਆ।ਇਉਂ ਅੱਜ ਤਕ ਆਧੁਨਿਕ ਪੰਜਾਬੀ ਨਾਟਕ ਦਾ ਸੌ ਵਰ੍ਹਿਆਂ ਦਾ ਸਫ਼ਰ ਤੈਅ ਹੋਇਆ ਹੈ।

ਆਧੁਨਿਕ ਪੰਜਾਬੀ ਨਾਟਕ ਦੇ ਵਿਕਾਸ ਵਿਚ ਆਈ. ਸੀ. ਨੰਦਾ, ਹਰਚਰਨ ਸਿੰਘ, ਬਲਵੰਤ ਗਾਰਗੀ, ਗੁਰਦਿਆਲ ਸਿੰਘ ਫੁੱਲ, ਸੁਰਜੀਤ ਸਿੰਘ ਸੇਠੀ, ਹਰਸਰਨ ਸਿੰਘ, ਕਪੂਰ ਸਿੰਘ ਘੁੰਮਣ, ਪਰਿਤੋਸ਼ ਗਾਰਗੀ, ਆਤਮਜੀਤ, ਅਜਮੇਰ ਸਿੰਘ ਔਲਖ, ਚਰਨਦਾਸ ਸਿੱਧੂ, ਗੁਰਸ਼ਰਨ ਸਿੰਘ, ਸਵਰਾਜਬੀਰ, ਮਨਜੀਤਪਾਲ, ਪਾਲੀ ਭੁਪਿੰਦਰ ਸਿੰਘ, ਦੇਵਿੰਦਰ ਕੁਮਾਰ, ਵਰਿਆਮ ਮਸਤ, ਜਤਿੰਦਰ ਬਰਾੜ ਆਦਿ ਨਾਟਕਕਾਰਾਂ ਦੇ ਨਾਮ ਜ਼ਿਕਰਯੋਗ ਸਥਾਨ ਰੱਖਦੇ ਹਨ ਜਿਨ੍ਹਾਂ ਨੇ ਸਮਾਜਿਕ, ਆਰਥਿਕ, ਰਾਜਨੀਤਿਕ, ਵਿਅਕਤੀਗਤ ਮਨੋਵਿਗਿਆਨਕ ਤੇ ਹੋਰ ਕਈ ਮਸਲਿਆਂ ਨੂੰ ਲੈ ਕੇ ਨਾਟਕਾਂ ਦੀ ਰਚਨਾ ਕੀਤੀ ਹੈ ਜੋ ਰੰਗਮੰਚ ਦੀ ਅਨੁਕੂਲਤਾ ਅਨੁਸਾਰ ਢਲੇ ਹੋਏ ਹਨ।ਇਨ੍ਹਾਂ ਨਾਟਕਕਾਰਾਂ ਨੇ ਪੰਜਾਬੀ ਨਾਟਕ ਨੂੰ ਇੱਕ ਨਵੇਂ ਪਾਸਾਰ ਦਿੱਤੇ ਜੋ ਪੰਜਾਬੀ ਨਾਟਕ ਦੀਆਂ ਚਾਰ ਪੀੜ੍ਹੀਆਂ ਵਿਚ ਫੈਲੇ ਹੋਏ ਹਨ।

ਪੰਜਾਬੀ ਨਾਟਕ ਤੇ ਰੰਗਮੰਚ ਦਾ ਵਿਕਾਸ ਜਿਵੇਂ-ਜਿਵੇਂ ਹੁੰਦਾ ਆ ਰਿਹਾ ਹੈ ਉਵੇਂ-ਉਵੇਂ ਹੋਰ ਨਾਟਕਕਾਰ ਨਾਟਕ ਦੇ ਖੇਤਰ ਵਿਚ ਅਤੇ ਨਵੇਂ ਰੰਗਕਰਮੀ, ਰੰਗਮੰਚ ਦੇ ਖੇਤਰ ਵਿਚ ਨਵੇਂ ਤਜ਼ਰਬੇ ਕਰਨ ਲੱਗੇ ਹਨ।ਇਹ ਰੰਗਕਰਮੀ ਕਹਾਣੀ, ਕਵਿਤਾ, ਨਾਵਲ, ਫ਼ਿਲਮਾਂ ਆਦਿ ਦਾ ਨਾਟ-ਰੂਪਾਂਤਰਣ ਕਰਨ ਦਾ ਵੀ ਯਤਨ ਕਰ ਰਹੇ ਹਨ।

ਪੰਜਾਬੀ ਰੰਗਮੰਚ ਦੇ ਉਪਰੋਕਤ ਦ੍ਰਿਸ਼ ਅਧੀਨ ਅਜਿਹੀ ਸਥਿਤੀ ਬਣੀ ਕਿ ਇੱਕ ਪਾਸੇ ਨਾਟਕੀ ਲਿਖਤ ਵਿਚ ਤੇਜ਼ੀ ਆਈ ਤੇ ਦੂਜੇ ਪਾਸੇ ਨਵੇਂ-ਨਵੇਂ ਰੰਗਕਰਮੀ ਆਉਣੇ ਸ਼ੁਰੂ ਹੋ ਗਏ।ਅਜਿਹੇ ਰੰਗਕਰਮੀਆਂ ਵਿਚੋਂ ਇਕ ਨਾਂ 'ਸੋਮਪਾਲ ਹੀਰਾ' ਦਾ ਹੈ ਜੋ ਕਿ ਪਿੰਡ ਬੁਰਜ ਹਕੀਮਾਂ, ਤਹਿ ਰਾਏਕੋਟ (ਲੁਧਿਆਣਾ) ਦਾ ਵਸਨੀਕ ਹੈ ਅਤੇ ਰੰਗਮੰਚ ਵਿਚ ਨਵੇਂ ਤਜਰਬੇ ਕਰ ਰਿਹਾ ਹੈ।ਸੋਮਪਾਲ ਹੀਰਾ ਆਪਣੇ ਸ਼ਬਦਾਂ ਵਿਚ ਆਖਦਾ ਹੈ, "ਮੈਂ ਜੋ ਵੀ ਹਾਂ, ਜੋ ਹੋਣ ਦੀ ਆਸ ਰੱਖਦਾ ਹਾਂ, ਇਹ ਸਭ ਰੰਗ-ਮੰਚ ਦੀ ਬਦੌਲਤ ਹਾਂ"।[2]

ਸੋਮਪਾਲ ਹੀਰਾ ਆਪਣੇ ਨਾਟਕੀ ਰੂਪਾਂਤਰਣਾਂ ਤੇ ਰੰਗਮੰਚ ਪੱਖੋਂ ਆਪਣੀ ਵਿਵੇਕਤਾ ਅਨੁਸਾਰ ਨਾਟਕੀ ਵਿਧਾ ਵਿਚ ਆਪਣਾ ਯੋਗਦਾਨ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।ਉਸਨੇ ਆਪਣੇ ਨਾਟਕਾਂ ਤੇ ਰੰਗਮੰਚੀ ਆਧਾਰਾਂ ਰਾਹੀਂ ਸਮਾਜ ਵਿਚਲੇ ਰਾਜਨੀਤਿਕ, ਸਮਾਜਿਕ ਬੁਰਾਈਆਂ, ਸਿਆਸਤੀ ਪਰਿਪੇਖ ਵਿਚ ਪਲਦੇ ਗੰਧਲੇ ਵਾਤਾਵਰਣ 'ਤੇ ਪੂਰੀ ਕਟਾਖ਼ਸ਼ ਕਸੀ ਹੋਈ ਹੈ।

The work is licensed under a Creative Commons Attribution Non Commercial 4.0 International License

ਸੋਮਪਾਲ ਹੀਰਾ ਦੀ ਨਾਟ ਪੁਸਤਕ ‘ ਰੰਗ ਰੰਗ ਦੇ ਨਾਟਕ ’ ਦਾ ਆਲੋਚਨਾਤਮਕ ਅਧਿਐਨ ਕਰਦਿਆਂ ਸਭ ਤੋਂ ਪਹਿਲਾਂ ਸੋਮਪਾਲ ਹੀਰਾ ਬਾਰੇ ਇਹ ਜਾਣਨਾ ਬਣਦਾ ਹੈ ਕਿ ਉਹ ਲੇਖਣ, ਅਦਾਕਾਰੀ ਤੇ ਮੰਚਨ ਕਲਾਵਾਂ ਦਾ ਸੁਮੇਲ ਹੈ ਜਾਂ ਨਹੀਂ।ਉਸਨੇ ਇੱਕ ਛੋਟੇ ਜਿਹੇ ਕਸਬੇ ਰਾਏਕੋਟ ਵਿਚ ਟਿਕਟਾਂ 'ਤੇ ਥੀਏਟਰ ਦਾ ਉਪਰਾਲਾ ਕੀਤਾ ਤੇ ਜੋ ਅੱਜ ਤਕ ਜਾਰੀ ਹੈ।ਉਸਨੇ ਆਪਣੇ ਮੌਲਿਕ ਨਾਟਕਾਂ ਅਤੇ ਰੂਪਾਂਤਰਣ ਨਾਟਕਾਂ ਦਾ ਸਫ਼ਲ ਮੰਚਣ ਕੀਤਾ ਹੈ।ਡਾ. ਗੁਲਜ਼ਾਰ ਪੰਧੇਰ ਸੋਮਪਾਲ ਹੀਰਾ ਬਾਰੇ ਲਿਖਦੇ ਹਨ:

ਸੋਮਪਾਲ ਹੀਰਾ ਦੇ ਨਾਟ-ਸ਼ਾਸ਼ਤਰ ਵਿਚ ਪਾਤਰਾਂ ਰਾਹੀਂ ਪੇਸ਼ਕਾਰੀ ਨਿਆਰੇ ਪ੍ਰਭਾਵਸ਼ਾਲੀ, ਵਾਰਤਾਲਾਪ, ਘੱਟ ਪਾਤਰਾਂ ਰਾਹੀਂ ਪੇਸ਼ਕਾਰੀ, ਢੁੱਕਵੇਂ ਗੀਤ-ਸੰਗੀਤ ਰਾਹੀਂ ਪੇਸ਼ਕਾਰੀ ਨਿਆਰੇ ਕਿਸਮ ਦੇ ਗੁਣ ਹਨ।1

ਇਉਂ ਇਹ ਟਿੱਪਣੀ ਸਪਸ਼ਟ ਕਰਦੀ ਹੈ ਕਿ ਸੋਮਪਾਲ ਹੀਰਾ ਸਥਾਪਤੀ ਵਲ ਵਧਦਾ ਨਾਟਕਕਾਰ ਤੇ ਰੰਗਕਰਮੀ ਹੈ।

ਸੋਮਪਾਲ ਹੀਰਾ ਦੇ ਅਧਿਐਨ ਅਧੀਨ ਨਾਟ-ਸੰਗ੍ਰਹਿ ‘ਰੰਗ-ਰੰਗ ਦੇ ਨਾਟਕ’ ਵਿਚ ਕ੍ਰਮਵਾਰ, ‘ਇਤਿਹਾਸ ਦੀ ਦੂਸਰੀ ਖਿੜਕੀ*, ‘ਖ਼ੁਦਕੁਸ਼ੀ ਬਨਾਮ ਸ਼ਹੀਦੀ’, ‘ਪਿਸ਼ਾਵਰ ਐਕਸਪ੍ਰੈਸ ਤੋਂ ਸਾਬਰਮਤੀ ਐਕਸਪ੍ਰੈਸ ਤੱਕ’, ‘ਜੀਵਨ, ਖੁਸ਼ੀ ਤੇ ਮਹਿਕ’ ਨਾਟਕ ਸ਼ਾਮਿਲ ਹਨ।ਇਹ ਚਾਰੇ ਨਾਟਕ ਕ੍ਰਮਮਵਾਰ ਮਿੰਨੀ ਨਾਟਕ, ਇੱਕ ਪਾਤਰੀ ਨਾਟਕ, ਨੁੱਕੜ ਨਾਟਕ ਤੇ ਲਘੂ ਨਾਟਕ ਦੇ ਰੂਪ ਵਿਚ ਸ਼ਾਮਿਲ ਹਨ।ਇਉਂ ਇਸ ਸੰਗ੍ਰਹਿ ਵਿਚ ਨਾਟਕੀ ਵਿਧਾ ਦੇ ਚਾਰ ਰੂਪ ਸਮੋਏ ਹੋਏ ਹਨ।

ਪੰਜਾਬੀ ਨਾਟ-ਸੰਗ੍ਰਹਿ ਵਿਚ ਦਰਜ ਪਹਿਲਾ ਨਾਟਕ ‘ਇਤਿਹਾਸ ਦੀ ਦੂਸਰੀ ਖਿੜਕੀ’ ਹੈ।ਇਸ ਨਾਟਕ ਦੀ ਸਮੁੱਚੀ ਘਟਨਾ ਇਤਿਹਾਸਕ ਪਰਿਪੇਖ ਵਿਚੋਂ ਲਈ ਗਈ ਹੈ ਪਰ ਨਾਟਕਕਾਰ ਨੇ ਇਸ ਇਤਿਹਾਸਕ ਘਟਨਾ ਨੂੰ ਕੁਝ ਸੀਮਾਵਾਂ ਵਿਚ ਰਹਿੰਦੇ ਹੋਏ ਆਲੋਚਨਾਤਮਕ ਪੱਖ ਤੋਂ ਪੇਸ਼ ਕੀਤਾ ਹੈ।ਇਸ ਨਾਟਕ ਵਿਚ ਦੱਸਿਆ ਗਿਆ ਹੈ ਕਿ ਹਰ ਇਕ ਕੌਮ ਭਾਵੇਂ ਅਨੇਕ ਕਠੋਰ ਪ੍ਰਸਿਥਤੀਆਂ ਵਿਚੋਂ ਲੰਘ ਕੇ ਆਪਣੀ ਹੋਂਦ ਨੂੰ ਬਰਕਰਾਰ ਰੱਖ ਸਕੀ ਹੈ ਪਰ ਕਿਤੇ ਨਾ ਕਿਤੇ ਲੋਕ ਮਾਨਸਿਕਤਾ ਵਿਚ ਪਈਆਂ ਧਾਰਮਿਕ ਕੱਟੜਵਾਦੀ ਗੱਲਾਂ ਸਾਨੂੰ ਦੂਸਰਿਆਂ ਨਾਲ ਸਾਂਝ ਸਥਾਪਿਤ ਕਰਨ ਤੋਂ ਰੋਕਦੀਆਂ ਹਨ।ਨਾਟਕ ਵਿਚ ਪਤਾ ਲੱਗਦਾ ਹੈ ਕਿ ਧੱਕੜ ਸਿੰਘ ‘ਵੱਖਰੀ ਕੌਮ’ ਦਾ ਜਥੇਦਾਰ ਵਜੋਂ ਉਪਾਧੀ 'ਤੇ ਸਥਾਪਿਤ ਹੈ। ਉਹ ਸਮੁੱਚੀ ਕੌਮ ਨੂੰ ਅਪੀਲ ਕਰਦਾ ਹੈ ਕਿ ਮੁਲਤਾਨੀ ਬੇਗ਼ਮ ਉਸਦੇ ਪੁਰਖਿਆਂ ਦੁਆਰਾ ਕੀਤੇ ਜ਼ੁਲਮਾਂ ਦੀ ਮੁਆਫ਼ੀ ਮੰਗਣ ਲਈ ‘ਤਖ਼ਤ-ਏ-ਤਾਊਸ’ 'ਤੇ ਆਵੇਗੀ ਅਤੇ ਉਸ ਤੋਂ ਲਿਖਤੀ ਰੂਪ ਵਿਚ ਮੁਆਫ਼ੀਨਾਮਾ ਮੰਗਿਆ ਜਾਵੇਗਾ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਇਸ ਘਟਨਾ ਤੋਂ ਵਾਕਿਫ਼ ਰਹਿਣ।ਪਰ ਨਾਟਕ ਵਿਚ ਇਹ ਵੀ ਬਾਖ਼ੂਬੀ ਦਰਸਾਇਆ ਗਿਆ ਹੈ ਕਿ ਭਾਵੇਂ ਮੁਗ਼ਲ ਫ਼ੌਜ ਨੇ ਬਹੁਤ ਅੱਤਿਆਚਾਰ ਕੀਤੇ ਸਨ ਜੋ ‘ਵੱਖਰੀ ਕੌਮ’ ਲਈ ਆਪਣੀ ਹੋਂਦ ਸਥਾਪਿਤ ਕਰਕੇ ਰੱਖਣ 'ਤੇ ਭਾਰੂ ਸਨ।ਨਾਟਕਕਾਰ ਨਾਟਕ ਰਾਹੀਂ ਇਹ ਚਿੰਤਾ ਜ਼ਾਹਿਰ ਕਰਦਾ ਹੈ ਕਿ ‘ਵੱਖਰੀ ਕੌਮ’ ਦੁਆਰਾ ਕੀ ਉਨ੍ਹਾਂ ਦੇ ਸਧਾਰਨ ਪਰਿਵਾਰਾਂ ਦਾ ਘਾਣ ਨਹੀਂ ਹੋਇਆ ? ਕੀ ਉਸ ਵਕਤ ਲੰਮੇ-ਲੰਮੇ ਨੇਜ਼ਿਆਂ ਬਰਛਿਆਂ ਨਾਲ ਨਿਰਦੋਸ਼ ਲੋਕਾਂ ਦੇ ਖ਼ੂਨ ਨਾਲ ਗਲੀਆਂ ਨਹੀਂ ਭਰੀਆਂ ਸਨ? ਨਾਟਕ ਵਿਚ ਖ਼ਾਸ ਤੌਰ 'ਤੇ ਇਹ ਪ੍ਰਸ਼ਨ ਖੜ੍ਹੇ ਕੀਤੇ ਹਨ ਕਿ ਕੀ ‘ਵੱਖਰੀ ਕੌਮ’ ਕਦੇ ਉਨ੍ਹਾਂ ਦੇ ਧਾਰਮਿਕ ਸਥਾਨਾਂ 'ਤੇ ਜਾ ਕੇ ਆਪਣੇ ਸਿਪਾਹੀਆਂ ਦੀਆਂ ਗ਼ਲਤੀਆਂ ਦੀ ਮੁਆਫ਼ੀ ਮੰਗ ਸਕਦੀ ਹੈ? ਕੀ ਸਮੁੱਚੀ ਮਾਨਵਤਾ ਪ੍ਰਤੀ ਮੁਆਫ਼ੀ ਮੰਗ ਕੇ ਉੱਤਰਦਾਈ ਬਣ ਸਕਦੀ ਹੈ।ਨਾਟਕ ਵਿਚੋਂ ਉਦਾਹਰਨ ਦੇਖੀ ਜਾ ਸਕਦੀ ਹੈ:

The work is licensed under a Creative Commons Attribution Non Commercial 4.0 International License

ਰੋਸ਼ਨੀ: ਅਸੀਂ ਉਹ ਮਾਸੂਮ, ਬੇਗੁਨਾਹ, ਬੇਕਸੂਰ ਲੋਕਾਂ ਦੀਆਂ ਆਵਾਜਾਂ ਹਾਂ ਜਿਸ ਨੂੰ ਇਕ ਬਹਾਦਰ ਕੌਮ ਦੇ ਕੁਝ ਬਹਾਦਰ ਸਿਪਾਹੀਆਂ ਨੇ ਕੁਚਲ ਦਿੱਤਾ ਕਿਉਂਕਿ ਆਪਣੇ ਪੁਰਖਿਆਂ ਨੇ ਉਨ੍ਹਾਂ ਦੀ ਕੌਮ 'ਤੇ ਜ਼ੁਲਮ ਕੀਤਾ..... ਪਰ ਸਾਡਾ ਕੀ ਕਸੂਰ ਸੀ ਆਮ ਲੋਕਾਂ ਦਾ? ਸੋ ਤੂੰ ਕੱਲ੍ਹ, ਉਨ੍ਹਾਂ ਦੇ 'ਮੱਕੇ' ਜਾ ਕੇ ਆਪਣੇ ਪੁਰਖਿਆਂ ਵਲੋਂ ਕੀਤੀ ਖ਼ੁਨਾਮੀ ਦੀ ਮੁਆਫ਼ੀ ਮੰਗ ਕੇ ਮੁਹੰਮਦ ਸਾਹਿਬ ਦਾ ਸਿਰ ਉੱਚਾ ਕਰ ਰਹੀ ਹੈ।ਪਰ ਤੂੰ ਵੀ ਉਸ ਕੌਮ ਨੂੰ ਕਹਿਣਾ ਕਿ ਇਤਿਹਾਸ ਦੀ ਖੁੱਲੀ ਖਿੜਕੀ ਰਾਹੀਂ ਤਾਂ ਹਰ ਕੋਈ ਤੱਕਦਾ ਹੈ..... ਪਰ.... ਪਰ ਇਤਿਹਾਸ ਦੀ ਦੂਸਰੀ ਖਿੜਕੀ.....ਬੰਦ ਖਿੜਕੀ ਰਾਹੀਂ ਵੀ ਤੱਕੋ.... ਕੀ ਤੁਸੀਂ ਵੀ ਹਿੰਮਤ ਰੱਖਦੇ ਹੋ ਸਾਡੇ 'ਮੱਕੇ' ਤੇ ਆ ਕੇ ਆਪਣੇ ਸਿਪਾਹੀਆਂ ਦੀਆਂ ਗਲਤੀਆਂ ਦਾ ਪਸ਼ਚਾਤਾਪ ਕਰਨ ਦੀ? [4]

ਸੋ ਉਪਰੋਕਤ ਅਨੁਸਾਰ ਇਸ ਨਾਟਕ ਵਿਚ ਨਾਟਕਕਾਰ ਧਾਰਮਿਕ ਕੱਟੜਵਾਦ ਪ੍ਰਤੀ ਕਈ ਸਵਾਲ ਉਘਾੜਦਾ ਹੈ ਕਿ ਕਈ ਵਾਰ ਕੱਟੜਵਾਦੀ ਪ੍ਰਤੀਨਿਧ ਸਾਡੇ ਭਾਈਚਾਰੇ ਨੂੰ ਫ਼ਿਰਕਾਪ੍ਰਸਤੀ, ਈਰਖ਼ਾ, ਵੈਰ ਭਾਵਨਾ ਦੀ ਝੋਲੀ ਵਿਚ ਪਾ ਦਿੰਦੇ ਹਨ ਅਤੇ ਸਮੁੱਚੀ ਮਾਨਵਵਾਦੀ ਭਾਵਨਾਵਾਂ ਨੂੰ ਲੋਕ ਮਾਨਸਿਕਤਾ ਵਿਚੋਂ ਸਿਫ਼ਰ ਕਰ ਦਿੰਦੇ ਹਨ।ਅਜਿਹੇ ਪ੍ਰਤਿਨਿਧ ਕਦੇ ਵੀ ਆਪਣੀ ਕੌਮ ਦੀਆਂ ਕੀਤੀਆਂ ਗ਼ਲਤੀਆਂ ਪ੍ਰਤੀ ਉਤਰਦਾਈ ਹੋਣ ਤੋਂ ਕਤਰਾਉਂਦੇ ਹਨ।ਇਸ ਨਾਟਕ ਦੀ ਖ਼ਾਸ ਵਿਸ਼ੇਸ਼ਤਾ ਹੈ ਕਿ ਇਹ ਨਾਟਕ ਇਤਿਹਾਸਕ ਪਰਿਪੇਖ ਵਿਚੋਂ ਲਈ ਗਈ ਘਟਨਾ ਹੋਣ ਦੇ ਬਾਵਜੂਦ ਵੀ ਨਾਟਕਕਾਰ ਕੁਝ ਸੀਮਾਵਾਂ ਵਿਚ ਰਹਿੰਦੇ ਹੋਏ ਘਟਨਾ ਨੂੰ ਆਲੋਚਨਾਤਮਕ ਪੱਖ ਨਾਲ਼ ਪੇਸ਼ ਕਰਨ ਵਿਚ ਸਫ਼ਲ ਪ੍ਰਤੀਤ ਹੁੰਦਾ ਹੈ।

ਦੂਸਰਾ ਨਾਟਕ 'ਖ਼ੁਦਕੁਸ਼ੀ ਬਨਾਮ ਸ਼ਹੀਦੀ' ਇਕ ਪਾਤਰੀ ਨਾਟਕ ਹੈ।ਇਸ ਨਾਟਕ ਵਿਚ 'ਸੋਮਪਾਲ ਹੀਰਾ' ਨਾਟਕੀ ਤੇ ਰੰਗਮੰਚੀ ਸਥਿਤੀ ਨੂੰ ਸੰਭਾਵਿਤ ਬਣਾਉਣ ਲਈ ਪੰਜਾਬੀ ਦੇ ਪ੍ਰਸਿੱਧ ਕਵੀ ਅਵਤਾਰ ਸਿੰਘ ਪਾਸ਼, ਸੰਤ ਰਾਮ ਉਦਾਸੀ, ਕੇ.ਸਾਧੂ ਸਿੰਘ ਤੇ ਮਹਿੰਦਰਪਾਲ ਭੱਠਲ ਦੀਆਂ ਕਵਿਤਾਵਾਂ ਦੀ ਵਰਤੋਂ ਖ਼ੂਬਸੂਰਤੀ ਨਾਲ਼ ਕਰਦਾ ਹੈ।ਨਾਟਕਕਾਰ ਇਸ ਨਾਟਕ ਵਿਚ ਦੱਸਦਾ ਹੈ ਕਿ ਇਸ ਲੋਕਤੰਤਰੀ ਪ੍ਰਬੰਧ ਵਿਚ ਬਹੁਤ ਜ਼ਿਆਦਾ ਉਣਤਾਈਆਂ ਹੋਣ ਕਰਕੇ ਕਿਸਾਨ ਨੂੰ ਉਸਦੀਆਂ ਮੁੱਢਲੀਆਂ ਲੋੜਾਂ ਤੋਂ ਵਾਂਝਾ ਰੱਖਿਆ ਜਾ ਰਿਹਾ ਹੈ।ਉਸਨੂੰ ਆਪਣੀਆਂ ਫ਼ਸਲਾਂ ਦਾ ਸਹੀ ਮੁੱਲ ਨਹੀਂ ਮਿਲ ਰਿਹਾ ਜਿਸ ਕਾਰਨ ਉਹ ਦਿਨ ਪ੍ਰਤੀ ਦਿਨ ਕਰਜ਼ੇ ਦੀ ਮਾਰ ਝੱਲ ਰਿਹਾ ਹੈ।ਇਸ ਨਾਟਕ ਵਿਚ ਘਰ ਦੀ ਤ੍ਰਾਸਦੀ ਤੇ ਸਰਕਾਰ ਦੇ ਵਤੀਰੇ ਤੋਂ ਤੰਗ ਹੋ ਕੇ ਕੀਤੇ ਮੁਜ਼ਾਰੇ, ਯੂਨੀਅਨਾਂ ਵਿਚ ਸਿਆਸੀ ਡਰਾਮੇਬਾਜ਼ੀ ਅੰਤਰਗਤ ਉਭਰਦੀਆਂ ਉਣਤਾਈਆਂ, ਸਿਆਸਤਦਾਨਾਂ ਵਿਚ ਅਨਪੜ੍ਹਤਾ ਕਾਰਨ ਲੋਕ ਹਿੱਤ ਨੂੰ ਮਜ਼ਾਕ ਬਣਾਉਣਾ, ਹਸਪਤਾਲਾਂ ਵਿਚ ਮਜ਼ਬੂਰੀ ਵੱਸ ਕੀਤੀ ਸੌਦੇਬਾਜ਼ੀ ਨੂੰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ।ਨਾਟਕਕਾਰ ਪੁਲਿਸ ਦੇ ਤਸ਼ੱਦਦ ਪ੍ਰਤੀ ਨਿਰਾਸ਼ਤਾ ਤੇ ਵਿਅੰਗ ਕਰਦਾ ਹੈ:

... ਭਾਪਾ ਮੇਰਾ ਭੱਠੇ 'ਤੇ ਪਥੇਰ ਦਾ ਕੰਮ ਕਰਦਾ ਸੀ, ਮੀਂਹ ਪੈ ਜਾਂਦਾ ਤਾਂ ਕਈ-ਕਈ ਦਿਨ ਕੰਮ ਰੁਕ ਜਾਂਦਾ... ਇੱਟਾਂ ਦਾ ਰੇਟ ਵਧਾਉਣ ਲਈ ਮੰਗਾਂ ਉੱਠਦੀਆਂ, ਹੜਤਾਲਾਂ ਹੁੰਦੀਆਂ ਚਾਰ-ਚਾਰ, ਪੰਜ-ਪੰਜ ਦਿਨ ਕੰਮ ਛੱਡ ਕੇ 'ਮਟਕਾ ਚੌਂਕ' 'ਚ ਡਾਂਗਾ ਖਾਂਦੇ, ਹੰਝੂ ਗੈਸ ਚੱਟਦੇ ਤੇ ਗਰਮ ਪਾਣੀ ਦੀਆਂ ਵਾਛੜਾਂ ਪੀਂਦੇ ਤੇ ਘਰ ਆ ਕੇ ਕਈ-ਕਈ ਦਿਨ ਮੰਜੇ ਤੋਂ ਨਾ ਉੱਠਦੇ...ਇੱਥੇ ਹੀ ਮੇਰਾ ਪਹਿਲੀ ਵਾਰ ਵਾਹ ਪਿਆ ਸੀ ਖੱਬੇ ਪੱਖੀਆਂ ਨਾਲ ਤੇ ਮੈਂ ਕੰਨ 'ਤੇ ਹੱਥ ਰੱਖ ਕੇ ਸਕੂਲ ਦੀ ਸਟੇਜ 'ਤੇ ' ਵਾਰ ਸਭਾ ' ਨੂੰ ਗਾਇਆ ਸੀ, ਸੰਤ ਰਾਮ ਉਦਾਸੀ ਨੂੰ...

The work is licensed under a Creative Commons Attribution Non Commercial 4.0 International License

ਮਾਂ ਧਰਤੀਏ ਤੇਰੀ ਗੋਦ ਨੂੰ
ਚੰਨ ਹੋਰ ਬਥੇਰੇ
ਤੂੰ ਮਘਦਾ ਰਹੀਂ ਵੇ ਸੂਰਜਾ
ਕੰਮੀਆਂ ਦੇ ਵਿਹੜੇ...[5]

ਨਾਟਕ ਵਿਚ ਕਾਨੂੰਨੀ ਵਿਵਸਥਾ ਨੂੰ ਲੈ ਕੇ ਵੀ ਕਈ ਪ੍ਰਸ਼ਨ ਖੜ੍ਹੇ ਕੀਤੇ ਗਏ ਹਨ ਕਿ ਆਪਣੇ ਹੱਕ ਲੈਣ ਲਈ ਜੇਕਰ ਆਮ ਬੰਦਾ ਉਪਰਾਲਾ ਕਰਦਾ ਹੈ ਤਾਂ ਉਸਨੂੰ ਰਾਜਨੀਤਿਕ, ਅਫ਼ਸਰਸ਼ਾਹੀ, ਸਿਆਸੀ ਕਿਸਮ ਦੇ ਨੁਮਾਇੰਦੇ ਉਸਦਾ ਖਿਲਵਾੜ ਕਰਦੇ ਹਨ।ਨਾਟਕ ਵਿਚ ਇਹ ਵੀ ਦਰਸਾਇਆ ਗਿਆ ਹੈ ਕਿ ਜੇਕਰ ਕੋਈ ਮੁਜ਼ਾਰੇਦਾਰ, ਯੂਨੀਅਨ ਜਾਂ ਹੋਰ ਕੋਈ ਸੰਗਠਨ ਆਪਣੇ ਹੱਕਾਂ ਲਈ ਸਿਸਟਮ ਪ੍ਰਤੀ ਆਪਣੇ ਨਰਾਜ਼ਗੀ ਪ੍ਰਗਟ ਕਰਦੇ ਹਨ ਤਾਂ ਉਹਨਾਂ ਨੂੰ ਡਰਾਇਆ, ਧਮਕਾਇਆ ਤੇ ਅੰਤ-ਹਦ ਲਾਠੀਚਾਰਜ ਕੀਤਾ ਜਾਂਦਾ ਹੈ।ਨਾਟਕ ਵਿਚ ਇਸ ਪ੍ਰਕਾਰ ਦਾ ਵਰਤਾਰਾ ਵੇਖਣ ਨੂੰ ਮਿਲਦਾ ਹੈ।ਨਾਟਕ ਦਾ ਪਾਤਰ 'ਚੇਤਨ' ਆਪਣੇ ਹੱਕਾਂ ਲਈ ਸਿਸਟਮ ਪ੍ਰਤੀ ਮੁਜ਼ਾਹਰੇ ਕਰਦਾ ਹੈ ਪਰ ਉਸਨੂੰ ਲਾਠੀਚਾਰਜ, ਨਿਰਾਸ਼ਤਾ, ਕੌੜਾਪਣ ਆਦਿ ਤੋਂ ਇਲਾਵਾ ਕੁਝ ਹੋਰ ਪ੍ਰਾਪਤ ਨਹੀਂ ਹੁੰਦਾ।ਉਹ ਆਪਣੇ ਹੱਕਾਂ ਦਾ ਦਮਨ ਹੁੰਦਾ ਮਹਿਸੂਸ ਕਰਦਾ ਹੈ:

> ...ਪਰ ਮੇਰੀ ਬੱਚੀ ਦਾ ਵਿਆਹ ਤਾਂ ਵਿਚੇ ਹੀ ਰਹਿ ਗਿਆ, ਬੱਚੀ ਨਾਲ਼ ਵਿਆਹ ਕਰਨ ਵਾਲੇ ਗੁੜਗਾਂਓ ਦੇ ਨੌਜਵਾਨ ਨੂੰ ਜਪਾਨੀ ਸ਼ਾਸਕਾਂ ਦੇ ਭਾੜੇ ਦੇ ਟੱਟੂਆਂ ਨੇ ਕਰ ਦਿੱਤਾ ਸ਼ਹੀਦ` 25 ਜੁਲਾਈ 2005 ਦਾ ਦਿਨ ਤੁਸੀਂ ਵੀ ਤੱਕਿਆ ਹੋਣਾ ਟੀ.ਵੀ. 'ਤੇ ਸਾਰੇ ਸ਼ਹਿਰ ਦਾ ਚੱਕਰ ਕੱਟ ਕੇ ਤਿੰਨ ਕੁ ਵਜੇ ਮਿੰਨੀ ਸੈਕਰੇਟਰੀਏਟ 'ਚ ਪਹੁੰਚ ਕੇ ਸ਼ਾਂਤਮਈ ਢੰਗ ਨਾਲ਼ ਕਰ ਰਹੇ ਸੀ ਮੁਜ਼ਾਹਰਾ ਪਰ 21ਵੀਂ ਸਦੀ ਦਾ ਜਨਰਲ ਡਾਇਰ ਨਿਭਾਉਂਦਾ ਆਇਆ ਡਿਊਟੀ, 3000 ਖ਼ਾਕੀ ਵਰਦੀਆਂ ਤੇ ਡਾਂਗਾਂ ਸਮੇਤ, ਸ਼ਾਮੀ 4 ਵਜੇ ਟੁੱਟ ਪਿਆ ਭੁੱਖੇ ਬਘਿਆੜਾਂ ਵਾਂਗੂੰ, ਪੂਰਾ ਅੱਧਾ ਘੰਟਾ ਨੱਚਿਆ ਤਾਂਡਵ ਨਾਚ... ਨਾਂ ਬਦਲਿਆ, ਥਾਂ ਬਦਲੀ-ਜ਼ੁਲਮ ਉਹੀ ਸੀ, ਦਰਦ ਉਹੀ ਸੀ।ਉਦੋਂ ਰਾਜਨੀਤਿਕ ਅਜ਼ਾਦੀ ਦੀ ਗੱਲ ਸੀ, ਪਰ ਅੱਜ ਆਰਥਿਕ ਅਜ਼ਾਦੀ ਸੀ, ਜਲ੍ਹਿਆਂ ਵਾਲੇ ਬਾਗ਼ ਦੀ ਥਾਂ ਗੁੜਗਾਂਓ ਸੀ।ਮੇਰੀ ਬੱਚੀ ਸਦਮਾ ਸਹਾਰ ਨਾ ਸਕੀ।ਭੁੱਖੀ ਪਿਆਸੀ ਬਾਵਰਿਆਂ ਵਾਂਗ ਘੁੰਮਦੀ ਰਹਿੰਦੀ।ਪਤਾ ਲੱਗਿਆ ਕਿ ਲਾ-ਇਲਾਜ ਬਿਮਾਰੀ ਪੀਲੀਏ ਦਾ ਸ਼ਿਕਾਰ ਹੋ ਗਈ, ਰੋਂਦੇ ਪਿੱਟਦੇ, ਕਰਜ਼ਾ ਚੁੱਕ, ਭਾਂਡੇ-ਟੀਂਡੇ ਵੇਚ ਲਿਆਂਦਾ ਰਾਕਸ਼ਾਂ ਦੇ ਸ਼ਹਿਰ ਲੁਧਿਆਣੇ, ਜਿੱਥੇ ਹਰ ਗੱਲ ਪੈਸੇ ਨਾਲ਼ ਸ਼ੁਰੂ ਹੁੰਦੀ ਏ।ਮਰਦਾ ਬੰਦਾ ਕੀ ਨੀ ਕਰਦਾ...੧

ਇਉਂ ਉਪਰੋਕਤ ਅਨੁਸਾਰ ਨਾਟਕਕਾਰ ਰਾਜਨੀਤਿਕ, ਲੋਕਤੰਤਰੀ ਸਿਸਟਮ, ਕਾਨੂੰਨੀ ਢਾਂਚੇ, ਪ੍ਰਸ਼ਾਸ਼ਨਿਕ ਕੰਮਕਾਜ, ਸਿਹਤ ਸੇਵਾਵਾਂ ਆਦਿ ਨੂੰ ਲੈ ਕੇ ਵਿਅੰਗਮਈ ਤਰੀਕੇ ਨਾਲ ਅਨੇਕ ਸਮੱਸਿਆ ਤੋਂ ਜਾਣੂ ਕਰਵਾਉਂਦਾ ਹੈ।ਨਾਟਕਕਾਰ ਸਮੁੱਚੇ ਸਿਸਟਮ ਵਿਚ ਬਹੁਤ ਜ਼ਿਆਦਾ ਕਮੀਆਂ ਮਹਿਸੂਸ ਕਰਦਾ ਹੈ ਜਿਸਦੇ ਪ੍ਰਭਾਵ ਸਦਕਾ ਆਮ ਵਿਅਕਤੀ ਨੂੰ ਆਪਣੀਆਂ ਮੁਢਲੀਆਂ ਲੋੜਾਂ ਦਾ ਪ੍ਰਾਪਤ ਕਰਨਾ ਮੁਸ਼ਕਿਲ ਲੱਗਦਾ ਹੈ।ਉਸਨੂੰ ਲੱਗਦਾ ਹੈ ਕਿ ਚਾਰੇ ਪਾਸੇ ਰਿਸ਼ਵਤਖ਼ੋਰੀ, ਭ੍ਰਿਸ਼ਟਾਚਾਰ, ਘੋਰ ਅਪਰਾਧਿਕ ਮਾਮਲਿਆਂ ਆਦਿ ਦੇ ਫੈਲ ਜਾਣ ਕਰਕੇ ਸਮਾਜਿਕ, ਰਾਜਨੀਤਿਕ, ਆਰਥਿਕ, ਨੈਤਿਕ ਵਾਤਾਵਰਣ ਪ੍ਰਭਾਵਿਤ ਹੋ ਰਿਹਾ ਹੈ।ਜਿਸ ਦੇ ਸਦਕਾ ਸਮੁੱਚਾ ਸਿਸਟਮ ਆਮ ਵਿਅਕਤੀ ਦੇ ਹਿੱਤਾਂ ਦਾ ਵਿਰੋਧੀ ਤੇ ਸਰਮਾਏਦਾਰੀ ਹਿੱਤ ਦਾ ਅਨੁਸਾਰੀ ਲੱਗਦਾ ਹੈ।

The work is licensed under a Creative Commons Attribution Non Commercial 4.0 International License

ISSN (ELECTRONIC): 2945-3135

ਸਹਾਇਕ ਪਰੋਫੈਸਰ ਗੁਰਿੰਦਰ ਹਸਿੰਘ (2026). *ਸੋਮਪਾਲ ਹੀਰਾ ਦੇ ਨਾਟ-ਸੰਗ੍ਰਹਿ " ਰੰਗ-ਰੰਗ ਦੇ ਨਾਟਕ " ਦਾ ਆਲੋਚਨਾਤਮਕ ਅਧਿਐਨ*, International Journal of Multidisciplinary Research & Reviews 5(3), 83-95.

ਤੀਸਰਾ ਨਾਟਕ 'ਪਿਸ਼ਾਵਰ ਐਕਸਪ੍ਰੈਸ ਤੋਂ ਸਾਬਰਮਤੀ ਐਕਸਪ੍ਰੈਸ ਤੱਕ' ਦਾ ਰੂਪ ਨੁੱਕੜ ਨਾਟਕ ਵਾਲਾ ਹੈ।ਇਸ ਨਾਟਕ ਵਿਚ ਧਰਮ ਕੱਟੜਤਾ ਪ੍ਰਤੀ ਵਿਅੰਗਕਾਰੀ, ਧਰਮ ਦੇ ਨਾਂ ਦੇ ਹੁੰਦੇ ਫ਼ਸਾਦਾਂ ਨੂੰ ਖੂਬ ਚਿਤਰਿਆ ਹੈ।ਨਾਟਕਕਾਰ ਧਰਮਾਂ, ਨਸਲਾਂ ਅਤੇ ਦੰਗਿਆਂ ਦੀ ਪ੍ਰਵਿਰਤੀ ਉੱਤੇ ਜ਼ੋਰਦਾਰ ਵਿਅੰਗ ਕਰਦਾ ਹੈ ਤੇ ਸ਼ਹੀਦਾਂ ਦੇ ਸੁਪਨਿਆਂ ਦੀ ਆਜ਼ਾਦੀ ਨੂੰ ਸਾਂਭਣ ਦਾ ਸੁਨੇਹਾ ਦਿੱਤਾ ਹੈ।ਨਾਟਕਕਾਰ ਸੂਤਰਧਾਰ, ਸੂਤਰਧਾਰਨੀ ਤੇ ਹੋਰ ਪਾਤਰਾਂ ਰਾਹੀਂ ਇਹ ਦਰਸਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਕਦੇ ਸੰਤਾਲੀ ਦੇ ਦੰਗਿਆਂ, ਕਦੇ ਸਾਕਾ ਨੀਲਾ ਤਾਰਾ ਤੇ ਕਦੇ ਗੁਜਰਾਤ ਵਰਗੀਆਂ ਘਟਨਾਵਾਂ ਸਮੁੱਚੀ ਮਨੁੱਖਤਾ ਨੂੰ ਸ਼ਰਮਸਾਰ ਕਰਦੀਆਂ ਹਨ।ਨਾਟਕ ਵਿਚ ਸੂਤਰਧਾਰਨੀ ਕਹਿੰਦੀ ਹੈ:

| | | |
|---|---|---|
| ਸੂਤਰਧਾਰਨੀ | : | ਤੁਸੀਂ ਸਵੇਰੇ ਛੇ ਵਜੇ, ਆਪਣੀਆਂ ਦੇਹਲੀਆਂ ਤੋਂ ਅਖ਼ਬਾਰ ਚੁੱਕ ਕੇ, ਮੁੱਖ ਸੁਰਖ਼ੀ ਪੜ੍ਹਦੇ ਹੋ |
| ਇਕ | : | ਗੁਜਰਾਤ ਵਿਚ ਦੰਗਿਆਂ ਦੀ ਹਾਲਤ ਨਾਜ਼ੁਕ, ਬਹੁਤ ਸਾਰੇ ਮੁਸਲਮਾਨ ਕਤਲ |
| ਸੂਤਰਧਾਰ | : | ਨੌਂ ਵਜੇ ਆਪਣੇ ਟੀ. ਵੀ. ਦੀ ਸਵਿੱਚ ਔਨ ਕਰਦੇ ਹੋ ਤਾਂ... |
| ਦੋ | : | ਭਾਰਤ ਦੇ ਦੋ ਹੋਰ ਸੂਬੇ ਦੰਗਿਆਂ ਦੀ ਲਪੇਟ ਵਿਚ। |
| ਸੂਤਰਧਾਰਨੀ | : | ਬਾਰਾਂ ਵਜੇ ਰੇਡੀਓ ਦਾ ਸਟੇਸ਼ਨ ਲਗਾਉਂਦੇ ਹੋ ਤਾਂ ਇਕੋ ਆਵਾਜ਼। |
| ਤਿੰਨ | : | ਘੱਟ ਗਿਣਤੀ ਨੇ ਕ੍ਰਿਆ ਕੀਤੀ ਤੇ ਪ੍ਰਤੀਕ੍ਰਿਆ ਦਾ ਸਵਾਦ ਚਖ਼ ਲਿਆ। |
| ਚਾਰ | : | ਦੋ ਮੁਸਲਮਾਨਾਂ ਨੇ ਇਕ ਰਾਮ ਸੇਵਕ ਦੀ ਹੱਤਿਆ ਕੀਤੀ। |
| ਪੰਜ | : | ਇਕ ਰਾਮ ਸੇਵਕ ਦਾ ਬਦਲਾ ਲੈਣ ਲਈ, ਪੰਜ ਮੁਸਲਮਾਨ ਮੌਤ ਦੇ ਘਾਟ ਉਤਾਰੇ। |
| ਛੇ | : | ਘੱਟ ਗਿਣਤੀ ਦੀਆਂ ਔਰਤਾਂ ਨਾਲ਼ ਸਮੂਹਕ ਬਲਾਤਕਾਰ।[1] |

ਨਾਟਕਕਾਰ ਦੱਸਦਾ ਹੈ ਕਿ ਇਹ ਧਰਤੀ ਸੂਫ਼ੀ ਸੰਤਾਂ, ਪੀਰਾਂ-ਫ਼ਕੀਰਾਂ, ਦੇਸ਼ ਭਗਤਾਂ ਦੀ ਧਰਤੀ ਹੈ ਜਿਥੇ ਹਰ ਇਕ ਕੌਮ ਦਾ ਮਾਣ-ਸਨਮਾਨ ਕਰਨ ਦੀ ਦਲੀਲ ਪ੍ਰਗਟਾਈ ਗਈ ਹੈ।ਪਰ ਫੇਰ ਵੀ ਪਤਾ ਨਹੀਂ ਕਿਉਂ ਧਾਰਮਿਕ ਕੱਟੜਤਾ, ਰਾਜਨੀਤਿਕ ਪੈਂਤੜੇਬਾਜ਼ੀਆਂ, ਨਸਲੀ ਵਿਤਕਰੇ ਭਰੀਆਂ ਵਿਚਾਰਧਾਰਾਵਾਂ, ਸਾਡੀ ਏਕਤਾ, ਅਖੰਡਤਾ, ਭਾਈਚਾਰੇ ਆਦਿ ਨੂੰ ਤੋੜਨ ਤੇ ਲੱਗੀਆਂ ਹੋਈਆਂ ਹਨ।ਨਾਟਕ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਅੰਗਰੇਜ਼ੀ ਸਿਆਸਤ ਨੇ ਦੇਸ਼ ਦੀ ਸਮੁੱਚੀ ਰੰਗਤ, ਭਾਈਚਾਰੇ, ਸਾਂਝੀਆਂ ਕਦਰਾਂ ਕੀਮਤਾਂ ਨੂੰ ਖੇਰੂੰ-ਖੇਰੂੰ ਕਰ ਦਿੱਤਾ ਹੈ। ਨਾਟਕ ਵਿਚ ਪਤਾ ਲਗਦਾ ਹੈ ਕਿ ਅੰਗਰੇਜ਼ੀ ਹਕੂਮਤ ਨੇ ਸਿੱਖਾਂ, ਹਿੰਦੂਆਂ, ਮੁਸਲਮਾਨਾਂ ਨੂੰ ਆਪਣੇ ਵੱਖਰੇ-ਵੱਖਰੇ ਖੇਤਰ ਸਥਾਪਿਤ ਕਰਨ ਦੀ ਸਲਾਹ ਦਿੱਤੀ ਅਤੇ 'ਪਾੜੋ ਤੇ ਰਾਜ ਕਰੋ' ਵਾਲੀ ਨੀਤੀ ਅਪਣਾ ਕੇ ਗਾਂਧੀ, ਜਿਨਾਹ, ਬਲਦੇਵ ਸਿੰਘ ਨੂੰ ਵੰਡ ਦਿੱਤੇ ਹਨ।ਜਿਸਦੇ ਨਤੀਜੇ ਦੰਗੇ-ਫ਼ਸਾਦਾਂ ਦੇ ਰੂਪ ਵਿਚ ਘਾਤਕ ਬਣ ਕੇ ਉਭਰਦੇ ਹਨ।ਨਾਟਕਕਾਰ ਅੰਗਰੇਜ਼ੀ ਹਕੂਮਤ ਦਾ ਬਟਵਾਰਾ ਨੀਤੀ ਦਾ ਬਿਆਨ ਅੰਗਰੇਜ਼ ਪਾਤਰ ਰਾਹੀਂ ਪ੍ਰਗਟ ਕਰਦਾ ਹੈ:

ਅੰਗਰੇਜ਼ : ਗੁੱਡ ਮਾਰਨਿੰਗ ਮਿਸਟਰ ਬਲਡੇਵ ਸਿੰਘ, ਨਹਿਰੋ ਔਰ ਜਿਨਾਹ ਨੇ ਆਪਨਾ-ਅਪਨਾ ਕੰਟਰੀ, ਆਈ ਮੀਨ, ਡੇਸ਼

The work is licensed under a Creative Commons Attribution Non Commercial 4.0 International License

ਅਲੱਗ-ਅਲੱਗ ਬਾਂਟ ਲਿਆ, ਅਬ ਟੁਮ ਵੀ ਅਪਨਾ ਵਿਚਰ ਬਟਾਅ ਸਕਟਾ ਹੈ ਕਿ ਆਪ ਕਿਸ ਕੇ ਸਾਥ ਰਹਿਨਾ ਮਾਂਗਟਾ ਹੈ? ਜਾਂ ਫਿਰ ਅਪਨਾ ਅਲੱਗ ਸਠਾਨ, ਆਈ ਮੀਨ ਅਪਨਾ ਸਿੱਖ ਸਠਾਨ ਬਨਾਨਾ ਮਾਂਗਟਾ? ਹਾਂ ਮਿਸਟਰ ਸਿੰਘ ਜਲਡੀ ਬਟਾਓ।

ਨਾਟਕਕਾਰ ਦੱਸਦਾ ਹੈ ਕਿ ਭਾਰਤ ਦੇ ਆਜ਼ਾਦ ਹੋਣ ਤੋਂ ਬਾਅਦ ਵੀ ਵਿਤਕਰੇ, ਦੰਗਾਕਾਰੀ, ਸਿਆਸੀ ਧੋਖਾਧੜੀ ਨੇ ਸਮੁੱਚੇ ਭਾਈਚਾਰੇ ਨੂੰ ਪ੍ਰਭਾਵਿਤ ਕੀਤਾ ਹੈ।ਇੱਥੇ ਸਿਆਸੀ ਕਿਸਮ ਦੀ ਨੇਤਾਸ਼ਾਹੀ, ਧਾਰਮਿਕ ਕੱਟੜਤਾ ਦੇ ਅਨੁਯਾਈ, ਦੰਗਾਕਾਰੀ ਸੰਗਠਨ ਨੇ ਨਫ਼ਰਤ ਦੀ ਅੱਗ ਨੂੰ ਫੈਲਾਅ ਕੇ ਸਮੁੱਚੀ ਲੋਕਤੰਤਰੀ ਪ੍ਰਤੀਬਿੰਬਾਂ ਨੂੰ ਗੰਧਲਾ ਕਰ ਕੇ ਰੱਖ ਦਿੱਤਾ ਹੈ।ਨਾਟਕਕਾਰ ਸੂਤਰਧਾਰ ਰਾਹੀਂ ਦੱਸਦਾ ਹੈ ਇਥੇ ਕੁਝ ਧਾਰਮਿਕ ਦੰਗਾ ਪ੍ਰਵਿਰਤੀ ਵਾਲੇ ਸੰਗਠਨ ਨੇ 21 ਦਸੰਬਰ 1992 ਵਿਚ ਇਕ ਸਾਢੇ ਚਾਰ ਸੌ ਸਾਲ ਪੁਰਾਣਾ ਧਾਰਮਿਕ ਸਥਾਨ ਢਹਿ ਢੇਰੀ ਕਰ ਦਿੱਤਾ ਹੈ।ਇਸ ਦੰਗਾਕਾਰੀ ਬਿਰਤੀ ਨੇ ਆਪਣੀ ਸਿਆਸੀ ਸਟੰਟਬਾਜ਼ੀ ਰਾਹੀਂ ਹਮੇਸ਼ਾ ਆਪਣੇ ਹਿੱਤਾਂ ਨੂੰ ਅੱਗੇ ਰੱਖ ਕੇ ਆਮ ਲੋਕਾਂ ਦਾ ਘਾਣ ਕੀਤਾ ਹੈ। ਨਾਟਕਕਾਰ ਸੋਢੀ ਦੇ ਪਾਤਰ ਰਾਹੀਂ ਅਜਿਹੀਆਂ ਦੰਗਾਕਾਰੀ ਸਟੰਟਬਾਜ਼ੀ ਨੂੰ ਪ੍ਰਗਟ ਕਰਦਾ ਹੈ:

ਸੋਢੀ : ਯੇ ਤੋ ਪਹਿਲੀ ਸਟੇਟ ਨੀ ਰਿਹਰਸਲ ਹੈ, ਯੇਹ ਰਿਹਰਸਲ ਤੋਂ ਹਮਨੇ ਪੂਰੇ ਭਾਰਤ ਮੇਂ ਕਰਨੀ ਹੈ, ਹਰ ਸਟੇਟ ਮੇਂ, ਔਰ ਭਾਈ "ਕ੍ਰਿਆ ਕੀ ਪ੍ਰਤੀਕ੍ਰਿਆ ਤੋ ਹੋਤੀ ਹੈ।" [१]

ਉਪਰੋਕਤ ਨਾਟਕ ਵਿਚ ਪ੍ਰਗਟਾਇਆ ਗਿਆ ਹੈ ਕਿ ਕਿਵੇਂ ਇਸ ਸਿਆਸੀ ਸਿਸਟਮਸ਼ਾਹੀ ਦੇਸ਼ ਵਿਚਲੇ ਆਮ ਲੋਕਾਂ ਵਿਚ ਵਿਤਕਰੇ, ਲੋਕ ਮਾਨਸਿਕਤਾ ਵਿਚ ਈਰਖ਼ਾ, ਕੌਮਾਂ ਵਿਚ ਵਖਰੇਵਾਂ ਆਦਿ ਮੰਦਭਾਗੀ ਵਿਚਾਰ ਫੈਲਾਅ ਕੇ ਸਮੁੱਚੀ ਮਾਨਵਤਾ ਨੂੰ ਸ਼ਰਮਸ਼ਾਰ ਕੀਤਾ ਹੈ।ਇਸ ਸਿਸਟਮ, ਗੁੰਡਾਗਰਦੀ, ਖੰਡਿਤ ਪਹਿਚਾਣ ਆਦਿ ਨੇ ਮਾਨਵਤਾ, ਕਦਰਾਂ-ਕੀਮਤਾਂ, ਭਾਈਚਾਰਾ, ਆਪਣਾਪਣ ਵਿਚ ਅਜਿਹੀ ਜ਼ਹਿਰ ਘੋਲੀ ਹੈ ਜਿਸਦਾ ਹਰਜਾਨਾ ਦੰਗਿਆਂ, ਫ਼ਸਾਦਾਂ, ਲੁੱਟਾ ਮਾਰਾਂ, ਬਲਾਤਕਾਰਾਂ ਦੇ ਰੂਪ ਵਿਚ ਭਰਿਆ ਹੈ ਤੇ ਹੁਣ ਤਕ ਵੀ ਭਰਿਆ ਜਾ ਰਿਹਾ ਹੈ।

ਪੁਸਤਕ ਦਾ ਚੌਥਾ ਨਾਟਕ ' ਜੀਵਨ, ਖੁਸ਼ੀ ਤੇ ਮਹਿਕ ' ਲਘੂ ਨਾਟਕ ਹੈ।ਸੋਮਪਾਲ ਹੀਰਾ ਨੇ ਇਸ ਨਾਟਕ ਨੂੰ ਲਘੂ ਨਾਟ ਵਿਧਾ ਰੂਪ ਵਿਚ ਪ੍ਰਗਟਾਇਆ ਹੈ।ਇਸ ਨਾਟਕ ਵਿਚ 'ਏਡਜ਼' ਵਰਗੀ ਭਿਆਨਕ ਬਿਮਾਰੀ ਨਾਲ ਇਕ ਪਰਿਵਾਰ ਦੇ ਉਜਾੜੇ ਦੀ ਦਾਸਤਾਨ ਸੁਣਾਈ ਹੈ ਕਿ ਕਿਵੇਂ ਅਣਸੁਖਾਵੇ ਪਲ ਜ਼ਿੰਦਗੀ ਦੇ ਹਸਦੇ-ਖੇਡਦੇ ਵਿਚਾਰਾਂ, ਖੁਸ਼ੀਆਂ ਦੇ ਮੌਕਿਆਂ ਵਿਚ ਕੜਵਾਹਟ ਪੈਦਾ ਕਰਦੇ ਹਨ।ਨਾਟਕਕਾਰ ਨਾਟਕ ਰਾਹੀਂ ਦੱਸਦਾ ਹੈ ਕਿ ਕਈ ਵਾਰ ਸਾਨੂੰ ਕਿਸੇ ਵੀ ਅਣਗਹਿਲੀ ਦਾ ਅੰਜ਼ਾਮ ਵੀ ਆਪ ਭੁਗਤਣਾ ਪੈਂਦਾ ਹੈ।ਨਾਟਕ ਵਿਚ 'ਜੀਵਨ' ਨਾਂ ਦੇ ਪਾਤਰ ਨੂੰ ਪਤਾ ਲੱਗਦਾ ਹੈ ਕਿ ਉਹ ਐੱਚ.ਆਈ.ਵੀ. ਪਾਜ਼ਟਿਵ ਦਾ ਸ਼ਿਕਾਰ ਹੋ ਚੁੱਕਿਆ ਹੈ ਜਿਸ ਵਿਚ ਉਸਦੀ ਕੋਈ ਗ਼ਲਤੀ ਨਹੀਂ ਹੁੰਦੀ ਹੈ।ਇਕ ਦੁਰਘਟਨਾ ਸਮੇਂ 'ਜੀਵਨ' ਡਾਕਟਰਾਂ ਦੀ ਅਣਗਹਿਲੀ ਰਾਹੀਂ ਐੱਚ. ਆਈ. ਵੀ. ਪਾਜ਼ਟਿਵ ਖ਼ੂਨ ਚੜ੍ਹਾਉਣ ਕਾਰਨ ਏਡਜ਼ ਵਰਗੀ ਲਾਇਲਾਜ਼ ਬਿਮਾਰੀ ਦਾ ਸ਼ਿਕਾਰ ਹੋ ਜਾਂਦਾ ਹੈ।ਉਸਦੀ ਪਤਨੀ 'ਖੁਸ਼ੀ' ਇਸ ਘਟਨਾ ਦੇ ਸ਼ੋਕ ਕਾਰਨ ਆਪਣੀ ਜਾਨ ਤਕ ਗਵਾ ਬੈਠਦੀ ਹੈ ਕਿਉਂਕਿ ਉਹ ਇਸ ਘਟਨਾ ਨੂੰ ਬਰਦਾਸ਼ਤ ਨਹੀਂ ਕਰ ਪਾਉਂਦੀ ਹੈ।ਇਥੋਂ ਪਤਾ ਲਗਦਾ ਹੈ ਕਿ ਕਿੰਨੀਆਂ ਹੀ ਅਜਿਹੀਆਂ ਜ਼ਿੰਦਗੀਆਂ ਹਨ ਜੋ ਦੂਸਰਿਆਂ ਦੀ ਅਣਗਹਿਲੀ ਕਰਕੇ ਬਰਬਾਦ ਹੋ ਜਾਂਦੀਆਂ ਹਨ ਤੇ ਆਪਣਾ ਅਸਤਿਤਵ ਗਵਾ ਬੈਠਦੀਆਂ ਹਨ।'ਜੀਵਨ', 'ਖੁਸ਼ੀ' ਤੇ 'ਮਹਿਕ' ਵਰਗੀਆਂ ਉਮੰਗਾਂ ਖੁਸ ਜਾਣ ਨਾਲ ਸਭ ਸੁਪਨੇ, ਚਾਅ, ਮੰਜ਼ਿਲਾਂ ਖ਼ਤਮ ਹੋ ਜਾਂਦੀਆਂ ਹਨ।ਨਾਟਕਕਾਰ ਨਾਟਕ ਵਿਚ ਦੱਸਦਾ ਹੈ ਕਿ ਜਦ 'ਖੁਸ਼ੀ' ਨੂੰ ਪਤਾ

The work is licensed under a Creative Commons Attribution Non Commercial 4.0 International License

ਲੱਗਦਾ ਹੈ ਕਿ ਜੀਵਨ ਐੱਚ. ਆਈ. ਵੀ. ਪਾਜ਼ਟਿਵ ਹੈ ਤਾਂ ਉਹ ਆਪਣੇ ਆਪੇ ਤੋਂ ਬਾਹਰ ਹੋ ਜਾਂਦੀ ਹੈ।ਉਸਨੂੰ ਸਾਰੇ ਸੁਪਨੇ, ਉਮੰਗਾਂ, ਚਾਅ ਟੁੱਟਦੇ ਨਜ਼ਰ ਆਉਂਦੇ ਹਨ।ਖੁਸ਼ੀ ਆਪਣੀ ਅੰਮਾ ਨੂੰ ਆਖਦੀ ਹੈ:

ਖੁਸ਼ੀ : ਅੰਮਾ ਬੰਦਾ ਖ਼ੁਦ ਤਾਂ ਕੋਤਲ ਘੋੜਾ ਬਣ, ਬਾਹਰਲੀਆਂ ਚਰਾਂਦਾ *ਚ ਮੂੰਹ ਮਾਰਦਾ ਫਿਰਦਾ ਪਰ ਔਰਤ ਦੇ ਪੈਰਾਂ 'ਚ ਆਹ ਬੱਚਿਆਂ ਰੂਪੀ ਬੇੜੀਆਂ ਪਾ ਜਾਂਦਾ, ਨਾ ਉਹ ਤੁਰ ਸਕਦੀ ਏ ਨਾ ਭੱਜ ਸਕਦੀ ਏ ਤੇ ਬੇੜੀਆਂ ਪਲ-ਪਲ ਉਸ ਨੂੰ ਗ਼ੁਲਾਮੀ ਦਾ ਅਹਿਸਾਸ ਕਰਵਾਉਂਦੀਆਂ ਰਹਿੰਦੀਆਂ ਨੇ।ਅੰਮਾ` ਜੀਵਨ ਨੇ ਮੇਰੇ ਨਾਲ ਇੰਝ ਕਿਉਂ ਕੀਤਾ ਅੰਮਾ` ਕਿਉਂ ਕੀਤਾ।[10]

ਇਉਂ ਇਸ ਨਾਟਕ ਵਿਚ ਜੀਵਨ, ਖੁਸ਼ੀ, ਮਹਿਕ ਵਰਗੀਆਂ ਜ਼ਿੰਦਗੀਆਂ ਕਿਵੇਂ ਇਕ ਅਣਸੁਖਾਵੀਂ ਘਟਨਾ ਕਰਕੇ ਤਹਿਸ ਨਹਿਸ ਹੋ ਜਾਂਦੀਆਂ ਹਨ।ਉਹ ਆਪਣੇ ਸਜਾਏ ਹੋਏ ਸੁਪਨਿਆਂ ਦੇ ਘਰ ਨੂੰ ਬਿਖ਼ਰਦਾ ਮਹਿਸੂਸ ਕਰਦੇ ਹਨ।ਉਨ੍ਹਾਂ ਦੀਆਂ ਖੁਸ਼ੀਆਂ, ਚਾਅ, ਮਨੋਭਾਵਨਾਵਾਂ ਆਦਿ ਇਕੋ ਝਟਕੇ ਵਿਚ ਟੁੱਟ ਜਾਂਦੀਆਂ ਹਨ।ਇਸ ਸਮੁੱਚੇ ਨਾਟਕ ਦੀ ਘਟਨਾ ਦੁਖਾਂਤ ਵਿਚ ਵਾਪਰਦੀ ਹੈ।

'ਰੰਗ-ਰੰਗ ਦੇ ਨਾਟਕ' ਪੁਸਤਕ ਦੇ ਨਾਟਕਾਂ ਦਾ ਵਿਸ਼ੇਗਤ ਅਧਿਐਨ ਤੋਂ ਬਾਅਦ ਕਥਾਨਕ ਦਾ ਅਧਿਐਨ ਕਰਨਾ ਅਵੱਸ਼ਕ ਹੈ।ਕਥਾਨਕ ਨਾਟਕ ਦਾ ਜ਼ਰੂਰੀ ਤੱਤ ਹੁੰਦਾ ਹੈ।ਨਾਟਕ ਦਾ ਕੱਚਾ ਪਦਾਰਥ ਮਨੁੱਖੀ ਜ਼ਿੰਦਗੀ ਹੈ।ਭਾਵੇਂ ਨਾਟਕ ਦੇ ਸੰਪੂਰਨ ਰੂਪ ਵਿਚ ਸੂਖਮਤਾ, ਡੂੰਘਾਈ ਤੇ ਬਾਰੀਕੀ ਆ ਜਾਂਦੀ ਹੈ ਪਰ ਇਸ ਨੂੰ ਬਣਾਉਣ ਵਾਲਾ ਕੱਚਾ ਪਦਾਰਥ ਉਹ ਜ਼ਿੰਦਗੀ ਦੀ ਸਧਾਰਨਤਾ, ਸਥੂਲਤਾ ਤੇ ਬਾਹਰਮੁੱਖਤਾ ਹੈ।'ਜੇ ਨਾਟਕ ਦਾ ਕੱਚਾ ਪਦਾਰਥ ਜ਼ਿੰਦਗੀ ਹੈ ਤਾਂ ਨਾਟਕ ਦੇ ਕਥਾਨਕ ਦਾ ਕੱਚਾ ਪਦਾਰਥ ਜ਼ਿੰਦਗੀ ਦੀਆਂ ਘਟਨਾਵਾਂ ਹਨ।ਜ਼ਿੰਦਗੀਆਂ ਦੀਆਂ ਕੁਝ ਘਟਨਾਵਾਂ ਨੂੰ ਲੈ ਕੇ ਹੀ ਨਾਟਕ ਉਸਾਰਿਆ ਜਾਂਦਾ ਹੈ ਤੇ ਘਟਨਾਵਾਂ ਨੂੰ ਜਿਸ ਤਰਤੀਬ ਵਿਚ ਜੋੜਿਆ ਜਾਂਦਾ ਹੈ ਉਸ ਨੂੰ ਕਥਾਨਕ ਆਖਦੇ ਹਨ'।[11] ਨਾਟਕਕਾਰ ਜ਼ਿੰਦਗੀ ਵਿਚੋਂ ਘਟਨਾਵਾਂ ਚੁਣ ਕੇ ਉਨ੍ਹਾਂ ਨੂੰ ਤਰਤੀਬ ਵਿਚ ਪੇਸ਼ ਕਰਦਾ ਹੈ।ਨਾਟ ਸੰਗ੍ਰਹਿ ਵਿਚ ਦਰਜ ਪਹਿਲਾ ਨਾਟਕ 'ਇਤਿਹਾਸ ਦੀ ਦੂਸਰੀ ਖਿੜਕੀ' ਹੈ।ਇਸ ਨਾਟਕ ਦੀਆਂ ਘਟਨਾਵਾਂ ਪੰਜਾਬ ਖੇਤਰ ਵਿਚੋਂ ਲਈਆਂ ਗਈਆਂ ਹਨ।ਇਸ ਨਾਟਕ ਦੇ ਕਥਾਨਕ ਵਿਚਲੀਆਂ ਘਟਨਾਵਾਂ ਦੋ ਥਾਵਾਂ *ਤੇ ਵਾਪਰਦੀਆਂ ਹਨ।ਪਿਹਿਲੀ ਘਟਨਾ 'ਪੰਜਾਬ ਦਾ ਕੋਈ ਘਰ' ਤੇ ਦੂਸਰੀ ਘਟਨਾ 'ਤਖ਼ਤ-ਏ-ਤਾਊਸ' 'ਤੇ ਵਾਪਰਦੀ ਹੈ। ਨਾਟਕ ਦੀਆਂ ਘਟਨਾਵਾਂ ਨੂੰ ਵਿਧੀਵਤ ਰੂਪ ਵਿਚ ਪੇਸ਼ ਕਰਨ ਲਈ 'ਫੇਡ ਇੰਨ' ਤੇ 'ਫੇਡ ਆਊਟ' ਤਕਨੀਕ ਦੀ ਵਰਤੋਂ ਕੀਤੀ ਗਈ ਹੈ। ਨਾਟਕਕਾਰ ਨੇ ਆਪਣੇ ਵਿਸ਼ੇ ਨੂੰ ਸਪਸ਼ਟ ਬਨਾਉਣ ਲਈ ਸਕਰੀਨ ਦੀ ਵਰਤੋਂ ਵੀ ਕੀਤੀ ਹੈ ਤਾਂ ਕਿ ਘਟਨਾ ਨੂੰ ਸੰਭਾਵਿਤ ਉਭਾਰਾਂ ਵਲ ਲਿਜਾਇਆ ਜਾ ਸਕੇ।ਦੂਸਰਾ ਨਾਟਕ ਇਕ ਪਾਤਰੀ ਨਾਟਕ 'ਖ਼ੁਦਕੁਸ਼ੀ ਬਨਾਮ ਸ਼ਹੀਦੀ' ਹੈ।ਇਸ ਨਾਟਕ ਦੇ ਕਥਾਨਕ ਵਿਚਲੀਆਂ ਘਟਨਾਵਾਂ ਜਨਸਧਾਰਨ ਦੀਆਂ ਹਨ।ਇਹ ਨਾਟਕ 'ਨੁੱਕੜ' ਤੇ 'ਸਟੇਜ' ਦੋਹਾਂ ਰੂਪਾਂ ਵਿਚ ਖੇਡਿਆ ਗਿਆ ਹੈ।ਨਾਟਕਕਾਰ ਨੇ ਕਥਾਨਕ ਵਿਚ ਜ਼ਿੰਦਗੀ ਦੇ ਬਿਰਤਾਂਤ ਵਿਚੋਂ ਕਠੋਰ ਸੱਚਾਈਆਂ ਨੂੰ ਪ੍ਰਗਟਾਇਆ ਹੈ।ਇਸ ਨਾਟਕ ਵਿਚ ਘਟਨਾਵਾਂ ਸ਼ੁਰੂ ਤੋਂ ਲੈ ਕੇ ਅਖ਼ੀਰ ਤੱਕ ਕ੍ਰਮਵਾਰ ਚੱਲਦੀਆਂ ਹਨ। ਘਟਨਾਵਾਂ ਵਿਚਲਾ ਪਾਤਰ ਕਈ ਵਾਰ ਭਾਵੁਕ ਪ੍ਰਤੀਕਰਮ ਦੇ ਤੌਰ ਤੇ ਵੀ ਦਰਸ਼ਕਾਂ ਨਾਲ ਜੁੜਦਾ ਨਜ਼ਰ ਆਉਂਦਾ ਹੈ।ਨਾਟਕਕਾਰ ਨਾਟਕ ਦੀ ਹਰ ਘਟਨਾ ਨੂੰ ਪ੍ਰਸੰਗਮਈ ਰੂਪ ਵਿਚ ਵਿਸਤਾਰ ਦਿੰਦਾ ਹੈ।ਤੀਸਰਾ ਨਾਟਕ 'ਪਿਸ਼ਾਵਰ ਐਕਸਪ੍ਰੈਸ ਸਾਬਰਮਤੀ ਐਕਸਪ੍ਰੈਸ ਤਕ' ਹੈ।ਇਹ ਨਾਟਕ ਦਾ ਰੂਪ ਨੁੱਕੜ ਵਿਧਾ ਵਾਲਾ ਹੈ।ਇਸ ਨਾਟਕ ਦੀਆਂ ਘਟਨਾਵਾਂ ਦਾ ਅਧਾਰ ਭੂਤਕਾਲ ਵਿਚ ਵਾਪਰੀਆਂ ਨਾ ਭੁੱਲਣਯੋਗ ਸੱਚਾਈਆਂ ਹਨ। ਨਾਟਕਕਾਰ ਨੇ ਦੇਸ਼ ਵੰਡ, ਰਾਜਸ਼ਾਹੀ ਸਿਸਟਮ, ਦੰਗਾਕਾਰੀ ਪ੍ਰਵਿਤਰੀ ਆਦਿ ਨੂੰ ਨਾਟਕ ਦੇ ਕਥਾਨਕ ਵਿਚ ਘਟਨਾਮਈ ਤਰੀਕੇ ਨਾਲ ਕ੍ਰਮਵਾਰ ਪੇਸ਼ ਕੀਤਾ ਹੈ।ਨਾਟਕ ਦੇ ਕਥਾਨਕ ਨੂੰ ਵਾਚਣ ਸਮੇਂ ਇਨ੍ਹਾਂ ਸਾਰੀਆਂ ਘਟਨਾਵਾਂ ਦੇ ਬਿੰਬ ਉਘੜਦੇ ਨਜ਼ਰ ਆਉਂਦੇ ਹਨ।ਚੌਥਾ ਨਾਟਕ 'ਜੀਵਨ,

The work is licensed under a Creative Commons Attribution Non Commercial 4.0 International License

ਖੁਸ਼ੀ ਤੇ ਮਹਿਕ' ਹੈ।ਇਸ ਨਾਟਕ ਦੇ ਕਥਾਨਕ ਦੀਆਂ ਘਟਨਾਵਾਂ ਜ਼ਿੰਦਗੀਆਂ ਦੀਆਂ ਅਨੇਕ ਇਛਾਵਾਂ, ਸੁਪਨਿਆਂ, ਉਮੀਦਾਂ ਨੂੰ ਲੈ ਕੇ ਸਿਰਜੀਆਂ ਗਈਆਂ ਹਨ।ਨਾਟਕ ਦੇ ਕਥਾਨਕ ਵਿਚ ਘਟਨਾਵਾਂ ਨੂੰ ਦੋ ਦ੍ਰਿਸ਼ਾਂ ਵਿਚ ਵੰਡਿਆ ਗਿਆ ਹੈ।ਇਕ ਦ੍ਰਿਸ਼ ਜੀਵਨ ਦਾ ਘਰ ਤੇ ਦੂਸਰਾ ਹਸਪਤਾਲ ਦਾ ਦ੍ਰਿਸ਼ ਹੈ।ਨਾਟਕ ਦੀ ਘਟਨਾਵਾਂ ਨੂੰ 'ਫੇਡ ਇੰਨ' ਅਤੇ 'ਫੇਡ ਆਊਟ' ਰਾਹੀਂ ਪ੍ਰਸਤੁਤ ਕੀਤਾ ਗਿਆ ਹੈ।ਨਾਟਕ ਦੀਆਂ ਘਟਨਾਵਾਂ ਆਪਣੇ ਆਪ ਵਿਚ ਕਈਂ ਸੰਭਾਵਨਾਵਾਂ ਨੂੰ ਲੈ ਕੇ ਚਲਦੀਆਂ ਹਨ।

'ਪਾਤਰ' ਨਾਟਕੀ ਰਚਨਾ ਦਾ ਅਗਲਾ ਮਹੱਤਵਪੂਰਨ ਤੱਤ ਹੈ।ਨਾਟਕ ਵਿਚ ਪਾਤਰ ਆਮ ਜੀਵਨ ਵਿਚ ਲਏ ਗਏ ਹੁੰਦੇ ਹਨ।ਪਾਤਰਾਂ ਤੋਂ ਬਿਨ੍ਹਾਂ ਨਾਟਕ ਰਚਨਾ ਸੰਭਵ ਨਹੀਂ ਹੋ ਸਕਦੀ।ਪਾਠਕ ਜਾਂ ਦਰਸ਼ਕ ਲਈ ਸਹੀ ਰੂਪ ਵਿਚ ਦਿਲਚਸਪੀ ਪੈਦਾ ਕਰਨੀ ਬਹੁਤ ਜ਼ਰੂਰੀ ਹੈ।ਅਧਿਐਨ ਅਧੀਨ ਨਾਟਕ 'ਇਤਿਹਾਸ ਦੀ ਦੂਸਰੀ ਖਿੜਕੀ' ਵਿਚ ਪਾਤਰ ਨਾਟਕ ਦੇ ਵਿਸ਼ੇ ਮੁਤਾਬਿਕ ਢੁੱਕਵੇਂ ਹਨ।ਇਸ ਨਾਟਕ ਦੇ ਪਾਤਰਾਂ ਦੀ ਵੇਸ਼ਭੂਸ਼ਾ ਇਤਿਹਾਸਕਤਾ ਵੱਲ ਇਸ਼ਾਰਾ ਕਰਦੀ ਹੈ।ਪਰ ਨਾਟਕਕਾਰ ਨੇ ਕਿਸੇ ਵਿਵਾਦ ਵਿਚ ਪੈਣ ਦੀ ਬਜਾਏ ਕੁਝ ਸੀਮਾਵਾਂ ਵਿਚ ਰਹਿੰਦੇ ਹੋਏ ਪਾਤਰਾਂ ਦੇ ਨਾਵਾਂ ਨੂੰ ਬਦਲਵੇਂ ਰੂਪ ਵਿਚ ਪੇਸ਼ ਕੀਤਾ ਹੈ।ਇਸ ਨਾਟਕ ਵਿਚ ਮੁਲਤਾਨੀ ਬੇਗ਼ਮ, ਰੋਸ਼ਨੀ, ਧੱਕੜ ਸਿੰਘ ਮੁੱਖ ਪਾਤਰ ਹਨ।ਜਨਦੀਪ, ਤਰਕਦੀਪ, ਲਾਲ ਸਿੰਘ, ਬੱਚਾ, ਸ਼ਰਮਾ ਸਿੰਘ, ਗਰੇਵਾਲ, ਚੌਹਾਨ, ਮਾਨ ਤੇ ਬਰਾੜ ਸਹਾਇਕ ਪਾਤਰ ਵਜੋਂ ਵਿਚਰ ਰਹੇ ਹਨ।ਨਾਟਕ ਦਾ ਮੁੱਖ ਪਾਤਰ ਧੱਕੜ ਸਿੰਘ ਧਾਰਮਿਕ ਕੱਟੜਤਾ ਵਿਚ ਰਚਿਆ ਹੋਇਆ ਨਜ਼ਰ ਆਉਂਦਾ ਅਤੇ ਮੁਲਤਾਨੀ ਬੇਗ਼ਮ, ਰੋਸ਼ਨੀ ਆਦਿ ਪਾਤਰ ਧਾਰਮਿਕ ਸਹਿਜਤਾ ਵਿਚ ਭਿੱਜੀਆਂ ਹੋਈਆਂ ਪ੍ਰਤੀਤ ਹੁੰਦੀਆਂ ਹਨ।ਇਸ ਗੱਲ ਦੀ ਗਵਾਹੀ ਉਨ੍ਹਾਂ ਦੀ ਧਾਰਮਿਕ ਸੰਵੇਦਨਸ਼ੀਲਤਾ ਵਿਚ ਦੇਖਣ ਨੂੰ ਮਿਲਦੀ ਹੈ।ਨਾਟਕ 'ਖੁਦਕੁਸ਼ੀ ਬਨਾਮ ਸ਼ਹੀਦੀ' ਇਕ ਪਾਤਰੀ ਨਾਟਕ ਹੈ।ਇਸ ਨਾਟਕ ਦਾ ਪਾਤਰ ਤੰਗੀਆਂ ਤੁਰਸ਼ੀਆਂ, ਨਿੱਜੀ ਘਟਨਾਵਾਂ, ਅਫਸੋਸਜਨਕ ਰਵੱਈਏ, ਗੁੱਸੇ, ਦਲੀਲਾਂ ਨੂੰ ਭਾਵੁਕਤਾ ਰਾਹੀਂ ਪੇਸ਼ ਕਰਦਾ ਹੈ।ਆਪਣੀ ਵਿਰਾਸਤ ਵਿਚ ਪਈਆਂ ਉਣਤਾਈਆਂ, ਅਜੋਕੇ ਸਮੇਂ ਦਾ ਗੰਧਲਾ ਸਿਸਟਮ, ਰਾਜਸ਼ਾਹੀ ਅਧੀਨ ਵਾਪਰਦਾ, ਭ੍ਰਿਸ਼ਟਾਚਾਰ, ਲੁੱਟ ਖੋਹ ਅਤੇ ਹੋਰ ਘਟਨਾਵਾਂ ਉਸ ਨੂੰ ਭਾਵੁਕ ਤੌਰ 'ਤੇ ਝੰਜੋੜਦੀਆਂ ਹਨ।ਜਿੰਨ੍ਹਾਂ ਕਰਕੇ ਉਹ ਖੁਦਕੁਸ਼ੀ ਕਰਨ ਤਕ ਆਪਣੇ ਆਪ ਨੂੰ ਸਮੇਟ ਲੈਂਦਾ ਹੈ।ਨਾਟਕ 'ਪਿਸ਼ਾਵਰ ਐਕਸਪ੍ਰੈਸ ਤੋਂ ਸਾਬਰਮਤੀ ਐਕਸਪ੍ਰੈਸ ਤਕ' ਦੇ ਪਾਤਰਾਂ ਵਿਚ ਸੂਤਰਧਾਰ ਤੇ ਸੂਤਰਧਾਰਨੀ ਮੁੱਖ ਪਾਤਰ ਹਨ।ਜੋ ਘਟਨਾ ਨੂੰ ਸਮੁੱਚੇ ਰੂਪ ਵਿਚ ਪ੍ਰਗਟਾਅ ਰਹੇ ਹਨ।ਨਾਟਕ ਵਿਚ ਦੂਸਰੇ ਪਾਤਰ (ਅੰਗਰੇਜ਼, ਗਾਂਧੀ, ਨਹਿਰੂ, ਜਨਾਹ, ਬਲਦੇਵ ਆਦਿ) ਸਹਾਇਕ ਪਾਤਰਾਂ ਵਜੋਂ ਵਿਚਰ ਰਹੇ ਹਨ।ਸੂਤਰਧਾਰ ਤੇ ਸੂਤਰਧਾਰਨੀ ਨਾਟਕ ਦੀਆਂ ਸਾਰੀਆਂ ਘਟਨਾਵਾਂ ਨੂੰ ਤਰਤੀਬ ਵਿਚ ਪ੍ਰਗਟਾਉਂਦੇ ਹਨ।ਇਹ ਪਾਤਰ ਦੇਸ਼ ਦੀ ਵੰਡ, ਗੁਜਰਾਤ ਦੇ ਦੰਗਿਆਂ ਦੀ ਘਟਨਾ, ਸਾਕਾ ਨੀਲਾ ਤਾਰਾ ਦੀ ਘਟਨਾ ਨੂੰ ਬਿੰਬਾਂ ਦੇ ਰੂਪ ਵਿਚ ਪ੍ਰਗਟਾਉਂਦੇ ਹਨ।ਨਾਟਕ 'ਜੀਵਨ, ਖੁਸ਼ੀ ਤੇ ਮਹਿਕ ਦੇ ਪਾਤਰ ਜੀਵਨ, ਖੁਸ਼ੀ, ਅੰਮਾ, ਡਾ. ਦੀਪਕ ਮੁੱਖ ਪਾਤਰ ਹਨ ਅਤੇ ਨਰਸ, ਸਬਜੀਵਾਲਾ, ਦੁੱਧਵਾਲਾ, ਬੱਚੀ, ਮੁਟਿਆਰਾਂ ਅਤੇ ਕੁਝ ਭੂਤਾਂ (ਏਡਜ਼ ਦੇ ਪ੍ਰਤੀਕ) ਸਹਾਇਕ ਪਾਤਰ ਵਜੋਂ ਵਿਚਰ ਰਹੇ ਹਨ।ਇਸ ਨਾਟਕ ਵਿਚ ਮੁੱਖ ਪਾਤਰ ਸੰਭਾਵਿਤ ਸਥਿਤੀਆਂ ਅਨੁਸਾਰ ਘਟਨਾ ਨੂੰ ਅੱਗੇ ਤੋਰਦੇ ਹਨ ਅਤੇ ਘਟਨਾਵਾਂ ਨੂੰ ਉਸ ਸਥਲ ਤਕ ਲੈ ਜਾਂਦੇ ਹਨ ਜਿਥੇ ਜੀਵਨ ਦੀਆਂ ਅਨੇਕ ਪਰਿਸਥਿਤੀਆਂ ਵਿਚ ਨਿਗੂਣਾਪਣ ਹੋਣਾ ਸ਼ੁਰੂ ਹੋ ਜਾਂਦਾ ਹੈ।ਨਾਟਕ ਦੀ ਸਮੁੱਚੀ ਘਟਨਾ ਦੁਖਾਂਤ ਵਜੋਂ ਉਭਰ ਕੇ ਸਾਹਮਣੇ ਆਉਂਦੀ ਹੈ।

The work is licensed under a Creative Commons Attribution Non Commercial 4.0 International License

ਨਾਟਕ ਦਾ ਅਗਲਾ ਮਹੱਤਵਪੂਰਨ ਤੱਤ ਵਾਰਤਾਲਾਪ ਹਨ। ਵਾਰਤਾਲਾਪ ਭਾਸ਼ਾ ਦੀ ਸਮੱਰਥਾ ਦੇ ਸੂਚਕ ਹੁੰਦੇ ਹਨ। ਵਾਰਤਾਲਾਪ ਭਾਸ਼ਾ ਦੁਆਰਾ ਸਿਰਜੇ ਜਾਂਦੇ ਹਨ। ਇਹ ਨਾਵਾਂ, ਥਾਵਾਂ ਤੇ ਘਟਨਾਵਾਂ ਨੂੰ ਆਪਸ ਵਿਚ ਜੋੜਦੇ ਹਨ। ਨਾਟਕੀ ਵਾਰਤਾਲਾਪ ਵਿਚ ਤਰਤੀਬ ਦਾ ਹੋਣ ਜ਼ਰੂਰੀ ਹੈ। ਜੇਕਰ ਵਾਰਤਾਲਾਪ ਨਾਟਕ ਵਿਚ ਬੇਤਰਤੀਬੇ ਢੰਗ ਨਾਲ ਸਿਰਜੇ ਜਾਣਗੇ ਤਾਂ ਬੱਝਵਾਂ ਪ੍ਰਭਾਵ ਨਹੀਂ ਪੈ ਸਕੇਗਾ। 'ਨਾਟਕਕਾਰ ਜੋ ਸ਼ਬਦ ਲਿਖਦਾ ਹੈ ਤੇ ਜਿਨ੍ਹਾਂ ਨੂੰ ਐਕਟਰ ਰੰਗਮੰਚ 'ਤੇ ਬੋਲਦਾ ਹੈ। ਉਹ ਸ਼ਬਦ ਨਾ ਨਾਟਕਕਾਰ ਦੇ ਰਹਿ ਜਾਂਦੇ ਹਨ ਤੇ ਨਾ ਉਸ ਐਕਟਰ ਦੇ। ਉਹ ਸ਼ਬਦ ਸਾਰੇ ਦਰਸ਼ਕਾਂ ਦੇ ਬਣ ਜਾਂਦੇ ਹਨ। ਸਾਰੇ ਦਰਸ਼ਕ ਉਹ ਸ਼ਬਦ ਐਕਟਰ ਦੇ ਨਾਲ਼-ਨਾਲ਼ ਹੀ ਬੋਲ ਰਹੇ ਹੁੰਦੇ ਹਨ। ਜੋ ਬੋਲ ਸਕਦੇ ਹਨ, ਉਹ ਵੀ ਬੋਲਦੇ ਹਨ ਤੇ ਜੋ ਨਹੀਂ ਬੋਲ ਸਕਦੇ, ਉਹ ਵੀ ਬੋਲਦੇ ਹਨ। ਨਾਟਕ ਗੂੰਗਿਆਂ ਨੂੰ ਵੀ ਜ਼ੁਬਾਨ ਦਿੰਦਾ ਹੈ। ਗੂੰਗੇ ਵੀ ਨਾਟਕ ਵੇਖਦੇ ਹੋਏ ਐਕਟਰ ਦੇ ਨਾਲ਼-ਨਾਲ਼ ਬੋਲਦੇ ਹਨ। ਇਹ ਸ਼ਬਦਾਂ ਦਾ ਕਮਾਲ ਹੈ'।[12] ਇਹ ਸ਼ਬਦ ਹੀ ਵਾਰਤਾਲਾਪ ਦੇ ਰੂਪ ਲੈ ਕੇ ਨਾਟਕ ਨੂੰ ਰੌਚਕ ਬਣਾਉਂਦੇ ਹਨ।

ਨਾਟ-ਸੰਗ੍ਰਹਿ ਵਿਚ ਦਰਜ ਨਾਟਕ 'ਇਤਿਹਾਸ ਦੀ ਦੂਸਰੀ ਖਿੜਕੀ' ਦੇ ਵਾਰਤਾਲਾਪ ਬਹੁਤ ਹੀ ਸਪਸ਼ਟ ਹਨ। ਨਾਟਕਕਾਰ ਨਾਟਕ ਦੇ ਵਾਰਤਾਲਾਪ ਲਈ ਸ਼ਬਦਾਂ ਦੀ ਚੋਣ ਸਾਦੀ ਤੇ ਸਪਸ਼ਟ ਕਰਦਾ ਹੈ। ਨਾਟਕ 'ਖ਼ੁਦਕੁਸ਼ੀ ਬਨਾਮ ਸ਼ਹੀਦੀ' ਵਿਚਲੇ ਵਾਰਤਾਲਾਪ ਪ੍ਰਸੰਗਮਈ ਤੇ ਵਿਅੰਗਾਤਮਿਕ ਹਨ। ਇਸ ਨਾਟਕ ਦੇ ਵਾਰਤਾਲਾਪ ਕਟਾਕਸ਼ ਤੇ ਤਰਕ ਵੇਦਨਾ ਨਾਲ਼ ਭਰਪੂਰ ਹਨ। ਨਾਟਕ ਵਿਚ ਹਰ ਇਕ ਸਮੱਸਿਆ ਨੂੰ ਪੂਰੀ ਸਪਸ਼ਟਤਾ ਨਾਲ਼ ਬਿਆਨ ਕੀਤਾ ਗਿਆ ਹੈ। ਨਾਟਕ ਦੇ ਵਾਰਤਾਲਾਪ ਕਿਤੇ ਵੀ ਲੰਮੇ ਹੋਣ 'ਤੇ ਵੀ ਸੁਸਤ ਨਹੀਂ ਪੈਂਦੇ ਹਨ। ਹਰ ਇਕ ਗੱਲ ਨੂੰ ਪੂਰੀ ਸੂਖ਼ਮਤਾ ਨਾਲ਼ ਪ੍ਰਗਟਾਇਆ ਗਿਆ ਹੈ। ਨਾਟਕ 'ਪਿਸ਼ਾਵਰ ਐਕਸਪ੍ਰੈਸ ਤੋਂ ਸਾਬਰਮਈ ਐਕਸਪ੍ਰੈਸ ਤੱਕ' ਦੇ ਵਾਰਤਾਲਾਪ ਸੰਖੇਪ ਤੇ ਚੁਸਤ ਹਨ। ਨਾਟਕ ਵਿਚਲੀਆਂ ਘਟਨਾਵਾਂ ਨੂੰ ਸੰਖੇਪ ਵਾਰਤਾਲਾਪਾਂ ਰਾਹੀਂ ਵਿਆਪਕ ਪੱਧਰ 'ਤੇ ਪੇਸ਼ ਕੀਤਾ ਗਿਆ ਹੈ। ਨਾਟਕ 'ਜੀਵਨ, ਖ਼ੁਸ਼ੀ ਤੇ ਮਹਿਕ' ਦੇ ਵਾਰਤਾਲਾਪ ਵੀ ਸਥਿਤੀ ਮੁਤਾਬਕ ਸੰਖੇਪ ਤੇ ਢੁੱਕਵੇਂ ਹਨ। ਨਾਟਕ ਵਿਚ ਸਰਲ ਤੇ ਸਪਸ਼ਟਤਾ ਭਰੇ ਵਾਰਤਾਲਾਪਾਂ ਦੀ ਭਰਮਾਰ ਹੈ:

ਡਾ. ਦੀਪਕ : ਜੀਵਨ... ਕੀ ਖ਼ੁਸ਼ੀ ਭਾਬੀ ਤੋਂ ਬਿਨ੍ਹਾਂ ਬਾਹਰ... ਤੇਰੇ... ਹੋਰ ਔਰਤਾਂ ਨਾਲ਼ ਵੀ...

ਜੀਵਨ : ਦੀਪਕ !!! ਕੀ ਬਕਵਾਸ ਕਰਦੈ... ਬਾਸਟਰਡ! ਤੂੰ ਮੇਰੇ ਕਰੈਕਟਰ 'ਤੇ ਸ਼ੱਕ ਕਰਦਾਂ ? ਮੇਰੇ ਕਰੈਕਟਰ 'ਤੇ? ਕੁੱਤਿਆ` ਮੈਂ ਤੇਰਾ ਕਤਲ ਕਰ ਦਵਾਂਗਾ... ਮੈਂ ਖ਼ੁਸ਼ੀ ਲਈ ਜਾਨ ਦੇ ਸਕਦਾਂ।[13]

ਉਪਰੋਕਤ ਨਾਟਕਾਂ ਦੇ ਵਾਰਤਾਲਾਪ ਦਰਸ਼ਕਾਂ ਵਿਚ ਬਿੰਬ ਤੇ ਵੱਖ-ਵੱਖ ਤਰ੍ਹਾਂ ਦੇ ਰੂਪ ਘੜਨ ਵਿਚ ਸਹਾਈ ਬਣਦੇ ਹਨ। ਜਿਸ ਕਰਕੇ ਨਾਟਕ ਆਪਣੀਆਂ ਅਨੇਕ ਸੀਮਾਵਾਂ ਨੂੰ ਪ੍ਰਾਪਤ ਕਰ ਲੈਂਦਾ ਹੈ।

ਰੰਗਮੰਚ ਨਾਟਕ ਲਈ ਬਹੁਤ ਹੀ ਅਹਿਮ ਤੱਤ ਹੈ। ਰੰਗਮੰਚ ਤੋਂ ਬਿਨ੍ਹਾਂ ਨਾਟਕ ਅਧੂਰਾ ਹੈ ਇਸ ਨਾਟ -ਸੰਗ੍ਰਹਿ ਵਿਚ ਦਰਜ ਸਾਰੇ ਨਾਟਕ ਵੱਖ-ਵੱਖ ਥਾਵਾਂ 'ਤੇ ਪ੍ਰਸਤੁਤ ਹੋ ਚੁੱਕੇ ਹਨ ਜੋ ਰੰਗਮੰਚ ਦੀਆਂ ਅਨੁਕੂਲਤਾ ਨੂੰ ਪ੍ਰਵਾਨ ਕਰਦੇ ਹਨ। ਇਨ੍ਹਾਂ ਨਾਟਕਾਂ ਨੂੰ ਵੱਖ-ਵੱਖ ਸਮੇਂ ਸਕੂਲਾਂ, ਕਾਲਜਾਂ ਤੇ ਸਥਾਨਕ ਪੱਧਰਾਂ 'ਤੇ ਪੇਸ਼ ਕੀਤਾ ਜਾ ਚੁੱਕਾ ਹੈ। ਸਮੁੱਚੇ ਰੂਪ ਵਿਚ ਨਾਟਕ ਰੰਗਮੰਚ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦੇ ਹੋਏ ਭਵਿੱਖ ਦੀਆਂ ਹੋਰ ਰੰਗਮੰਚੀ ਸੰਭਾਵਨਾਵਾਂ ਨੂੰ ਜੀਵਿਤ ਕਰਨ ਦਾ ਸਾਹਸ ਰੱਖਦੇ ਹਨ।

ਨਾਟ-ਸੰਗ੍ਰਹਿ 'ਰੰਗ-ਰੰਗ ਦੇ ਨਾਟਕ' ਦੀ ਭਾਸ਼ਾ ਸ਼ੈਲੀ ਕੇਂਦਰੀ ਪੰਜਾਬੀ ਹੈ। ਭਾਸ਼ਾ ਸ਼ੈਲੀ ਨਾਟਕ ਦਾ ਇਕ ਖ਼ਾਸ ਜ਼ਰੂਰੀ ਤੱਤ ਹੈ। ਜਿਸ ਰਾਹੀਂ ਨਾਟਕਕਾਰ ਆਪਣੇ ਪਾਤਰਾਂ ਤੋਂ ਹਰ ਪ੍ਰਕਾਰ ਦੀ ਗੱਲਬਾਤ ਨੂੰ ਸਿਰਜਦਾ ਹੈ ਜੋ ਅਨੇਕ ਪ੍ਰਸਿਥਤੀਆਂ ਨੂੰ ਵਿਅਕਤ ਕਰਨ ਵਿਚ ਸਹਾਈ

The work is licensed under a Creative Commons Attribution Non Commercial 4.0 International License

ISSN (ELECTRONIC): 2945-3135

ਸਹਾਇਕ ਪਰੋਫੈਸਰ ਗੁਰਿੰਦਰ ਹਸੰਘ (2026). *ਸੋਮਪਾਲ ਹੀਰਾ ਦੇ ਨਾਟ-ਸੰਗ੍ਰਹਹ " ਰੰਗ੍-ਰੰਗ੍ ਦੇ ਨਾਟਕ " ਦਾ ਆਲੋਚਨਾਤਮਕ ਅਹਿਐਨ*, International Journal of Multidisciplinary Research & Reviews 5(3), 83-95.

ਬਣਦੀ ਹੈ।ਨਾਟਕਕਾਰ ਨੇ ਨਾਟਕ 'ਇਤਿਹਾਸ ਦੀ ਦੂਸਰੀ ਖਿੜਕੀ' ਵਿਚ 'ਵੱਖਰੀ ਕੌਮ ' ਤੇ 'ਦੂਜੀ ਕੌਮ' ਦੇ ਪਾਤਰਾਂ ਦੀ ਸੰਵਾਦ ਉਸਾਰੀ ਪੰਜਾਬੀ ਸ਼ਬਦਾਂ ਵਿਚ ਕੀਤੀ ਗਈ ਹੈ ਜੋ ਪਾਤਰ ਅਨੁਕੂਲ ਵੀ ਤੇ ਦਰਸ਼ਕਾਂ ਦੇ ਪੱਧਰ ਦੀ ਵੀ ਹੈ।'ਖ਼ੁਦਕੁਸ਼ੀ ਬਨਾਮ ਸ਼ਹੀਦੀ' ਨਾਟਕ ਵਿਚ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਵਿਅੰਗਮਈ ਸ਼ੈਲੀ ਵਿਚ ਪੇਸ਼ ਕੀਤਾ ਗਿਆ ਹੈ।ਇਸ ਨਾਟਕ ਵਿਚ ਪਾਤਰ ਦੀ ਸ਼ਬਦਾਵਲੀ ਸਮਾਜ ਪ੍ਰਤੀ ਸੰਵੇਦਨਸ਼ੀਲਤਾ ਦਰਸਾਉਂਦੀ ਹੈ ਅਤੇ ਸਾਰੀਆਂ ਸਮੱਸਿਆਵਾਂ ਦਾ ਖ਼ੂਬ ਬਿੰਬ ਉਘਾੜਦੀ ਹੈ।'ਪਿਸ਼ਾਵਰ ਐਕਸਪ੍ਰੈਸ ਤੋਂ ਸਾਬਰਮਤੀ ਐਕਸਪ੍ਰੈਸ ਤੱਕ' ਨਾਟਕ ਆਪਣੇ ਵਿਚ ਬਹੁਤ ਹੀ ਢੁੱਕਵੇਂ ਅਰਥ ਸਮੋਈ ਬੈਠਾ ਹੈ।ਇਸ ਨਾਟਕ ਵਿਚ ਨਾਟਕਕਾਰ ਨੇ ਅੰਗਰੇਜ਼ੀ ਪਾਤਰਾਂ ਦੀ ਭਾਸ਼ਾ ਸ਼ੈਲੀ ਉਨ੍ਹਾਂ ਦੇ ਲਹਿਜੇ ਮੁਤਾਬਿਕ ਲਿਖੀ ਹੈ:

> ਅੰਗਰੇਜ਼ :ਮਿਸਟਰ ਸਿੰਘ ਪਾਕਿਸਤਾਨ ਟੋ ਬਣਨਾ ਹੀ ਹੈ, ਅੜੇ ਬੇਸਮਜ਼ ਸਰਡਾਰ, ਹਮ ਟੁਮ ਕੋ ਇਸ ਮੀਟਿੰਗ ਮੇਂ, 'ਸਿੱਖੋ ਦਾ ਲੀਡਰ', ਮਾਨ ਕਰ ਲੇਕਰ ਆਇਆ ਲੇਕਿਨ ਟੁਮ 'ਨਹਿਰੋ ਕੋ ਹੀ ਅਪਨਾ ਲੀਡਰ' , ਮਾਨ ਬੈਠਾ..., .... ਟੋ ਅਬ ਯੇਹ ਬਟਾਓ ਕਿ ਟੁਮ ਕਿਸ ਦੇ ਸਾਠ ਰਹਿਨੇ ਕੋ ਮਾਂਗਟਾ.... ਨਹਿਰੋ ਯਾ ਜਿਨਾਹ ਕੇ ਸਾਠ...? [14]

ਨਾਟਕ 'ਜੀਵਨ, ਖ਼ੁਸ਼ੀ ਤੇ ਮਹਿਕ' ਵਿਚ ਨਾਟਕਕਾਰ ਭਾਸ਼ਾ ਸ਼ੈਲੀ ਬਹੁਤ ਸੰਜੀਦਗੀ ਵਿਆਪਕਤਾ ਤੇ ਸਹਿਜਤਾ ਭਰੀ ਵਰਤਦਾ ਹੈ। ਇਸ ਨਾਟਕ 'ਚ ਸਾਰੇ ਵਾਰਤਾਲਾਪਾਂ ਦੀ ਭਾਸ਼ਾ ਸ਼ੈਲੀ ਸਾਧਾਰਨ ਵਿਅਕਤੀਤਵ ਦੇ ਸਮਝਣਯੋਗ ਹੈ।ਇਸ ਨਾਟਕ ਦੀ ਭਾਸ਼ਾ ਸ਼ੈਲੀ ਪਾਤਰਾਂ ਦੇ ਵਿਵਹਾਰ ਅਨੁਸਾਰ ਢੁੱਕਵੀਂ ਤੇ ਸਾਰਥਕ ਹੈ।

ਸੋ ਉਪਰੋਕਤ ਅਨੁਸਾਰ ਸਮਸ਼ਟ ਹੁੰਦਾ ਹੈ ਕਿ ਭਾਸ਼ਾ ਸ਼ੈਲੀ ਤੋਂ ਬਿਨ੍ਹਾਂ ਪਾਤਰਾਂ ਦੇ ਵਾਰਤਾਲਾਪ ਸਿਰਜਣੇ ਮੁਸ਼ਕਲ ਹਨ।ਭਾਸ਼ਾ ਸ਼ੈਲੀ ਵਾਰਤਾਲਾਪ ਸਿਰਜਣ ਪ੍ਰਕਿਰਿਆ ਲਈ ਮਹੱਤਵਪੂਰਣ ਤੱਤ ਹੈ।ਇਸ ਤੋਂ ਬਿਨ੍ਹਾਂ ਨਾਟਕਕਾਰ ਪਾਤਰਾਂ ਨੂੰ ਬੋਲ ਨਹੀਂ ਦੇ ਸਕਦਾ ਤੇ ਆਪਣੀ ਗੱਲ ਨੂੰ ਦਰਸ਼ਕਾਂ ਤਕ ਨਹੀਂ ਪਹੁੰਚਾ ਸਕਦਾ।ਨਾਟਕ ਨੂੰ ਭਾਸ਼ਾ ਸ਼ੈਲੀ ਸਦੀਵੀ, ਵਿਆਪਕ, ਲੋਕਾਇਤ ਆਦਿ ਵਿਚ ਮੁਹਾਂਦਰਾ ਸਿਰਜਣ ਲਈ ਸਹਾਈ ਹੁੰਦੀ ਹੈ।

ਇਸ ਪ੍ਰਕਾਰ 'ਰੰਗ ਰੰਗ ਦੇ ਨਾਟਕ* ਦੇ ਅਧਿਐਨ ਉਪਰੰਤ ਕਿਹਾ ਜਾ ਸਕਦਾ ਹੈ ਕਿ ਇਹ ਨਾਟ^ਸੰਗ੍ਰਹਿ ਦਾ ਪ੍ਰਕਾਸ਼ਨ ਨਾਲ਼ ਜਿੱਥੇ 'ਸੋਮਪਾਲ ਹੀਰਾ' ਇਕ ਰੰਗਕਰਮੀ ਵਜੋਂ ਚਰਚਾ ਵਿਚ ਆਇਆ ਸੀ, ਉਥੇ ਇਸ ਸੰਗ੍ਰਹਿ ਨਾਲ ਉਸਦਾ ਨਾਂ ਇਕ ਨਾਟਕਕਾਰ ਵਜੋਂ ਵੀ ਚਰਚਾ ਦਾ ਕੇਂਦਰ ਬਣ ਰਿਹਾ ਹੈ।ਇਹ ਨਾਟਕਕਾਰ ਤੇ ਰੰਗਕਰਮੀ ਸਖ਼ਤ ਮਿਹਨਤ ਕਰਦੇ ਹੋਏ ਆਪਣੀ ਮੰਜ਼ਿਲ ਵੱਲ ਵੱਧ ਰਿਹਾ ਪ੍ਰਤੀਤ ਹੁੰਦਾ ਹੈ। ਨਾਟਕਕਾਰ ਵਿਚ ਅਦਾਕਾਰ, ਨਾਟਕਕਾਰ ਤੇ ਨਿਰਦੇਸ਼ਕ ਵਾਲੇ ਤਿੰਨੋਂ ਰੂਪ ਹਨ ਜਿਹੜੇ ਸਫ਼ਲਤਾ ਨੂੰ ਪ੍ਰਵਾਨ ਕਰਨ ਲਈ ਕਾਫ਼ੀ ਹਨ।

## 1. AUTHOR(S) CONTRIBUTION

The writers affirm that they have no connections to, or engagement with, any group or body That provides financial or non-financial assistance for the topics or resources covered in this Manuscript.

## 2. CONFLICTS OF INTEREST

The authors declared no potential conflicts of interest with respect to the research, authorship, And/or publication of this article.

## 3. PLAGIARISM POLICY

All authors declare that any kind of violation of plagiarism, copyright and ethical matters will\ Take care by all authors. Journal and editors are not liable for aforesaid matters.

The work is licensed under a Creative Commons Attribution Non Commercial 4.0 International License

ਸਹਾਇਕ ਪਰੋਫੈਸਰ ਗੁਰਿੰਦਰ ਹਸੰਘ (2026). *ਸੋਮਪਾਲ ਹੀਰਾ ਦੇ ਨਾਟ-ਸੰਗ੍ਰਹਹ " ਰੰਗ੍-ਰੰਗ੍ ਦੇ ਨਾਟਕ " ਦਾ ਆਲੋਚਨਾਤਮਕ ਅਹਿਐਨ*, International Journal of Multidisciplinary Research & Reviews 5(3), 83-95.


**4. SOURCES OF FUNDING**

The authors received no financial aid to support for the research.


## ਹਵਾਲੇ ਤੇ ਟਿੱਪਣੀਆਂ:-


1. ਨਸੀਬ ਬਵੇਜਾ, ਸਤੀਸ਼ ਕੁਮਾਰ ਵਰਮਾ ਦਾ ਨਾਟ-ਜਗਤ, ਬਿਸ਼ਨ ਚੰਦ ਐਂਡ ਸੰਸ, ਦਿੱਲੀ, ਮਾਰਚ 2006, ਪੰਨਾ-11
2. ਸਤੀਸ਼ ਕੁਮਾਰ, ਛੋਟੀ ਉਮਰ ਦਾ ਵੱਡਾ ਰੰਗਕਰਮੀ-ਸੋਮਪਾਲ ਹੀਰਾ, ਪੰਜਾਬੀ ਟ੍ਰਿਬਿਊਨ ਚੰਡੀਗੜ੍ਹ, 1 ਜੁਲਾਈ 2000, ਪੰਨਾ-7
3. ਡਾ. ਗੁਲਜ਼ਾਰ ਪੰਧੇਰ, ਪੰਨਿਆਂ ਦੀ ਪਰਵਾਜ਼: ਨਾਟਕ ਖੇਤਰ 'ਚ ਨਵੇਂ ਪ੍ਰਯੋਗ, ਨਵਾਂ ਜ਼ਮਾਨਾ, ਜਲੰਧਰ, 16 ਮਈ 2004, ਪੰਨਾ-4
4. ਸੋਮਪਾਲ ਹੀਰਾ, ਰੰਗ ਰੰਗ ਦੇ ਨਾਟਕ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2013, ਪੰਨਾ-16-17
5. ਉਹੀ, ਪੰਨਾ-20-21
6. ਉਹੀ, ਪੰਨਾ-25-26
7. ਉਹੀ, ਪੰਨਾ-35
8. ਉਹੀ, ਪੰਨਾ-38-39
9. ਉਹੀ, ਪੰਨਾ-51
10. ਉਹੀ, ਪੰਨਾ-67
11. ਸੁਰਜੀਤ ਸਿੰਘ ਸੇਠੀ, ਨਾਟਕ ਕਲਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2005, ਪੰਨਾ-15
12. ਉਹੀ, ਪੰਨਾ-70
13. ਸੋਮਪਾਲ ਹੀਰਾ, ਰੰਗ- ਰੰਗ ਦੇ ਨਾਟਕ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2013, ਪੰਨਾ-62
14. ਉਹੀ, ਪੰਨਾ-39


The work is licensed under a Creative Commons Attribution Non Commercial 4.0 International License